


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Thursday 09 April, 2026 | website: www.cee7news.com

## ਪੰਜਾਬ ਵਿਚ ਮੌਸਮ ਦੀ ਤਾਜ਼ਾ ਅਪਡੇਟ



ਪੰਜਾਬ ਵਿਚ ਇਸ ਵੇਲੇ ਅਪ੍ਰੈਲ ਮਹੀਨੇ ਦਾ ਮੌਸਮ ਗਰਮੀ ਵੱਲ ਵਧ ਰਿਹਾ ਹੈ। ਭਾਰਤੀ ਮੌਸਮ ਵਿਭਾਗ ਅਨੁਸਾਰ ਇਸ ਮਹੀਨੇ ਵਿਚ ਤਾਪਮਾਨ ਆਮ ਤੌਰ ਤੇ 23 ਡਿਗਰੀ ਸੈਲਸੀਅਸ ਤੋਂ 38 ਡਿਗਰੀ ਸੈਲਸੀਅਸ ਤੱਕ ਰਹਿਣ ਦੀ ਉਮੀਦ ਹੈ। ਦਿਨ ਦਾ ਤਾਪਮਾਨ ਵਧਦਾ ਜਾ ਰਿਹਾ ਹੈ ਅਤੇ ਰਾਤਾਂ ਵੀ ਗਰਮ ਹੋਣੀਆਂ ਸ਼ੁਰੂ ਹੋ ਗਈਆਂ ਹਨ। ਲੁਧਿਆਣਾ, ਅੰਮ੍ਰਿਤਸਰ, ਜਲੰਧਰ ਵਰਗੇ ਵੱਡੇ ਸ਼ਹਿਰਾਂ ਵਿਚ ਵੱਧ ਤੋਂ ਵੱਧ ਤਾਪਮਾਨ 35 ਤੋਂ 40 ਡਿਗਰੀ ਤੱਕ ਪਹੁੰਚਣ ਦੀ ਸੰਭਾਵਨਾ ਹੈ। ਪੰਜਾਬ ਭਰ ਵਿਚ ਮੌਸਮ ਮੁੱਖ ਤੌਰ ਤੇ ਸਾਫ਼ ਰਹਿਣ ਵਾਲਾ ਹੈ ਪਰ ਕਈ ਥਾਵਾਂ ਤੇ ਹਲਕੇ ਬੱਦਲ ਛਾਏ ਰਹਿਣਗੇ। ਕੁਝ ਇਲਾਕਿਆਂ ਵਿਚ ਹਲਕੀ ਬਰਸਾਤ ਜਾਂ ਬੂੰਦਾਂ ਪੈਣ ਦੀ ਵੀ ਸੰਭਾਵਨਾ ਬਣੀ ਹੋਈ ਹੈ। ਖਾਸ ਕਰਕੇ ਉੱਤਰੀ ਅਤੇ ਪੱਛਮੀ ਪੰਜਾਬ ਵਿਚ ਬੱਦਲਵਾਈ ਵਧੇਰੇ ਰਹੇਗੀ। ਤਾਪਮਾਨ ਵਿਚ ਥੋੜ੍ਹੀ ਵਾਧਾ ਹੋਣ ਕਰਕੇ ਲੋਕਾਂ ਨੂੰ ਗਰਮੀ ਤੋਂ ਬਚਣ ਲਈ ਧਿਆਨ ਰੱਖਣਾ ਚਾਹੀਦਾ ਹੈ।ਲੁਧਿਆਣਾ ਵਿਚ ਇਸ ਵੇਲੇ ਤਾਪਮਾਨ ਲਗਭਗ 30 ਡਿਗਰੀ ਤੋਂ ਉਪਰ ਚੱਲ ਰਿਹਾ ਹੈ ਅਤੇ ਰਾਤ ਨੂੰ ਘੱਟੋ ਘੱਟ 17 ਤੋਂ 20 ਡਿਗਰੀ ਤੱਕ ਰਹਿਣ ਦੀ ਉਮੀਦ ਹੈ। ਅਗਲੇ ਕੁਝ ਦਿਨਾਂ ਵਿਚ ਤਾਪਮਾਨ ਹੋਰ ਵਧਣ ਵਾਲਾ ਹੈ। ਖੇਤੀਬਾੜੀ ਲਈ ਇਹ ਮੌਸਮ ਚੰਗਾ ਹੈ ਪਰ ਗੰਨੇ ਅਤੇ ਹੋਰ ਫਸਲਾਂ ਲਈ ਪਾਣੀ ਦੀ ਲੋੜ ਵਧ ਜਾਵੇਗੀ। ਕਿਸਾਨ ਭਰਾਵਾਂ ਨੂੰ ਚਾਹੀਦਾ ਹੈ ਕਿ ਉਹ ਸਵੇਰੇ ਜਾਂ ਸ਼ਾਮ ਵੇਲੇ ਖੇਤੀ ਕੰਮ ਕਰਨ ਤਾਂ ਜੋ ਗਰਮੀ ਤੋਂ ਬਚਿਆ ਜਾ ਸਕੇ।ਅੰਮ੍ਰਿਤਸਰ ਵਿਚ ਵੀ ਮੌਸਮ ਗਰਮ ਅਤੇ ਸੁੱਕਾ ਰਹਿਣ ਵਾਲਾ ਹੈ। ਵੱਧ ਤੋਂ ਵੱਧ ਤਾਪਮਾਨ 37 ਡਿਗਰੀ ਤੱਕ ਪਹੁੰਚ ਸਕਦਾ ਹੈ। ਹਵਾਵਾਂ ਉੱਤਰ-ਪੱਛਮੀ ਤਰਫ਼ ਤੋਂ ਚੱਲ ਰਹੀਆਂ ਹਨ ਜਿਸ ਨਾਲ ਥੋੜ੍ਹੀ ਰਾਹਤ ਮਿਲਦੀ ਹੈ ਪਰ ਧੂੜ ਉਡਾਣ ਵੀ ਵਧ ਸਕਦੀ ਹੈ। ਬੱਚਿਆਂ ਅਤੇ ਬਜ਼ੁਰਗਾਂ ਨੂੰ ਬਾਹਰ ਜਾਣ ਤੋਂ ਬਚਣਾ ਚਾਹੀਦਾ ਹੈ ਖਾਸ ਕਰਕੇ ਦੁਪਹਿਰ ਵੇਲੇ। ਪਾਣੀ ਵਧੇਰੇ ਪੀਣਾ ਅਤੇ ਛਾਇਆ ਵਾਲੀਆਂ ਥਾਵਾਂ ਤੇ ਰਹਿਣਾ ਲਾਭਦਾਇਕ ਰਹੇਗਾ।

## ਗੜ੍ਹੇਮਾਰੀ ਕਾਰਨ ਫਸਲਾਂ ਨੂੰ ਪਹੁੰਚੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਗਿਰਦਾਵਰੀ ਦੇ ਆਦੇਸ਼ ਜਾਰੀ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜ ਵਿਚ ਬੇਮੌਸਮੀ ਬਾਰਿਸ਼, ਤੇਜ਼ ਹਵਾਵਾਂ ਅਤੇ ਗੜ੍ਹੇਮਾਰੀ ਕਾਰਨ ਫਸਲਾਂ ਨੂੰ ਪਹੁੰਚੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਗਿਰਦਾਵਰੀ ਦੇ ਆਦੇਸ਼ ਜਾਰੀ ਕਰ ਦਿੱਤੇ ਹਨ। ਇਸ ਫੈਸਲੇ ਨਾਲ ਕਿਸਾਨ ਭਾਈਚਾਰੇ ਵਿਚ ਰਾਹਤ ਦੀ ਲਹਿਰ ਦੌੜ ਗਈ ਹੈ। ਮੀਂਹ ਅਤੇ ਗੜ੍ਹੇ ਨੇ ਖਾਸ ਕਰਕੇ ਮਾਲਵਾ ਖੇਤਰ ਅਤੇ ਮਾਝਾ ਇਲਾਕਿਆਂ ਵਿਚ ਕਣਕ ਦੀ ਲਗਭਗ ਪੱਕੀ ਫਸਲ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਕਈ ਥਾਵਾਂ ਤੇ ਫਸਲ ਲੇਟ ਗਈ ਹੈ ਅਤੇ ਉਪਜ ਵਿਚ ਭਾਰੀ ਘਾਟ ਆਈ ਹੈ।ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਨੇ ਵਿਸ਼ੇਸ਼ ਗਿਰਦਾਵਰੀ ਲਈ ਹੁਕਮ ਜਾਰੀ ਕਰ ਦਿੱਤੇ ਹਨ। ਗਿਰਦਾਵਰੀ ਤੋਂ ਬਾਅਦ ਨੁਕਸਾਨੀ ਫਸਲਾਂ ਦੀ ਰਿਪੋਰਟ ਆਉਣ ਤੋਂ ਬਾਅਦ ਉਨ੍ਹਾਂ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ ਜਿਨ੍ਹਾਂ ਨੂੰ ਨੁਕਸਾਨ ਹੋਇਆ ਹੈ। ਉਨ੍ਹਾਂ ਟੀਕਾ ਕੀਤਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਮੇਸ਼ਾ ਕਿਸਾਨਾਂ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੀ ਹਰ ਮੁਸੀਬਤ ਵਿਚ ਮਦਦ ਕਰੇਗੀ।ਪਿਛਲੇ ਕੁਝ ਦਿਨਾਂ ਵਿਚ ਪਈ ਬੇਮੌਸਮੀ ਬਾਰਿਸ਼ ਨੇ ਪੰਜਾਬ ਦੀ ਖੇਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਬਠਿੰਡਾ, ਮਾਨਸਾ, ਮੁਕਤਸਰ ਅਤੇ ਹੋਰ ਮਾਲਵਾ ਖੇਤਰਾਂ ਵਿਚ ਕਈ ਪਿੰਡਾਂ ਵਿਚ ਕਣਕ ਦੀ ਫਸਲ ਨੂੰ 80 ਫੀਸਦੀ ਤੱਕ ਦਾ ਨੁਕਸਾਨ ਹੋਇਆ ਹੈ। ਤੇਜ਼ ਹਵਾਵਾਂ ਕਾਰਨ ਫਸਲ ਲੇਟ ਗਈ ਅਤੇ ਗੜ੍ਹੇਮਾਰੀ ਨੇ ਬਾਲੀਆਂ ਨੂੰ ਤਬਾਹ ਕਰ ਦਿੱਤਾ। ਇਸ ਤੋਂ ਇਲਾਵਾ ਮਾਝਾ ਇਲਾਕੇ ਵਿਚ ਵੀ ਫਸਲਾਂ ਨੂੰ ਨੁਕਸਾਨ ਪਹੁੰਚਿਆ ਹੈ। ਰਾਜ ਭਰ ਵਿਚ ਲਗਭਗ 1.2 ਲੱਖ ਏਕੜ ਤੋਂ ਵੱਧ ਖੇਤਰ ਵਿਚ ਫਸਲਾਂ ਪ੍ਰਭਾਵਿਤ ਹੋਈਆਂ ਹਨ।ਰੈਵੇਨਿਊ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਲੈਂਡ ਰਿਕਾਰਡ ਮੈਨੂਅਲ ਅਨੁਸਾਰ ਡਿਪਟੀ ਕਮਿਸ਼ਨਰਾਂ ਨੂੰ ਸਾਰੇ ਪ੍ਰਭਾਵਿਤ ਜਿਲ੍ਹਿਆਂ ਵਿਚ ਵਿਸ਼ੇਸ਼ ਗਿਰਦਾਵਰੀ ਕਰਵਾਉਣ ਦੇ ਆਦੇਸ਼ ਦਿੱਤੇ ਗਏ ਹਨ। ਗਿਰਦਾਵਰੀ ਟੀਮਾਂ ਖੇਤਾਂ ਵਿਚ ਜਾ ਕੇ ਨੁਕਸਾਨ ਦਾ ਵਿਸਥਾਰ ਨਾਲ ਜਾਇਜ਼ਾ ਲੈਣਗੀਆਂ ਅਤੇ ਰਿਪੋਰਟ ਤਿਆਰ ਕਰਕੇ ਉੱਪਰਲੇ ਅਧਿਕਾਰੀਆਂ ਨੂੰ ਭੇਜਣਗੀਆਂ। ਇਸ ਤੋਂ ਬਾਅਦ ਸਰਕਾਰ ਮੁਆਵਜ਼ੇ ਦੀ ਰਕਮ ਤੈਅ ਕਰਕੇ ਕਿਸਾਨਾਂ ਦੇ ਖਾਤਿਆਂ ਵਿਚ ਟ੍ਰਾਂਸਫਰ ਕਰੇਗੀ।



## ਇਰਾਨ-ਇਜ਼ਰਾਈਲ-ਅਮਰੀਕਾ ਯੁੱਧ

### ਅਮਰੀਕਾ ਅਤੇ ਇਰਾਨ ਦੋ ਹਫ਼ਤਿਆਂ ਦੀ ਜੰਗਬੰਦੀ ਲਈ ਸਹਿਮਤ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੰਗਲਵਾਰ ਦੇਰ ਰਾਤ ਇਰਾਨ ਉੱਤੇ ਵਿਨਾਸ਼ਕਾਰੀ ਹਮਲਿਆਂ ਦੀਆਂ ਧਮਕੀਆਂ ਵਾਪਸ ਲੈ ਲਈਆਂ ਅਤੇ ਤਹਿਰਾਨ ਲਈ ਨਿਯਤ ਡੈਡਲਾਈਨ ਤੋਂ ਦੋ ਘੰਟੇ ਪਹਿਲਾਂ ਯੁੱਧ ਰੋਕਣ ਦਾ ਫੈਸਲਾ ਕੀਤਾ। ਅਮਰੀਕਾ ਅਤੇ ਇਰਾਨ ਵਿਚਾਲੇ ਦੋ ਹਫ਼ਤਿਆਂ ਦੀ ਜੰਗਬੰਦੀ ਲਈ ਸਮਝੌਤਾ ਹੋ ਗਿਆ ਹੈ। ਇਰਾਨ ਦੇ ਸੁਪਰੀਮ ਨੈਸ਼ਨਲ ਸਿਕਿਉਰਿਟੀ ਕਾਉਂਸਲ ਨੇ ਇਸ ਨੂੰ ਮਨਜ਼ੂਰੀ ਦੇ ਦਿੱਤੀ ਹੈ ਅਤੇ ਵੀਰਵਾਰ ਤੋਂ ਪਾਕਿਸਤਾਨ ਵਿਚ ਅਮਰੀਕਾ ਨਾਲ ਗੱਲਬਾਤ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ।

ਪਰ ਜੰਗਬੰਦੀ ਦੇ ਐਲਾਨ ਤੋਂ ਬਾਅਦ ਵੀ ਬੁੱਧਵਾਰ ਸਵੇਰੇ ਤੱਕ ਇਜ਼ਰਾਈਲ, ਇਰਾਨ ਅਤੇ ਖਾੜੀ ਖੇਤਰ ਵਿਚ ਹਮਲੇ ਜਾਰੀ ਰਹੇ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਿਆਹੂ ਨੇ ਜੰਗਬੰਦੀ ਦਾ ਸਮਰਥਨ ਕੀਤਾ ਪਰ ਸਾਫ਼ ਕੀਤਾ ਕਿ ਇਹ ਲੈਬਨਾਨ ਵਿਚ ਹਿਜ਼ਬੁੱਲਾਹ ਵਿਰੋਧੀ ਲੜਾਈ ਉੱਤੇ ਲਾਗੂ ਨਹੀਂ ਹੋਵੇਗੀ। ਇਜ਼ਰਾਈਲ ਨੇ ਇਰਾਨ ਤੋਂ ਤੁਰੰਤ ਹੋਰਮੁਜ਼ ਜਲਮਾਰਗ ਖੋਲ੍ਹਣ ਅਤੇ ਹਮਲੇ ਰੋਕਣ ਦੀ ਮੰਗ ਕੀਤੀ ਹੈ।ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਜੰਗਬੰਦੀ ਵਿਚ ਇਜ਼ਰਾਈਲ ਅਤੇ ਹਿਜ਼ਬੁੱਲਾਹ ਵਿਚਾਲੇ ਲੜਾਈ ਰੋਕਣ ਦੀ ਅਪੀਲ ਵੀ ਸ਼ਾਮਲ ਹੈ। ਇਰਾਨ ਦੀ 10 ਸੂਤਰੀ ਜੰਗਬੰਦੀ ਯੋਜਨਾ ਵਿਚ ਫਾਰਸੀ ਵਰਜਨ ਵਿਚ "ਨਿਊਕਲੀਅਰ ਐਨਰਿਚਮੈਂਟ ਲਈ ਇਜਾਜ਼ਤ" ਦਾ ਜ਼ਿਕਰ ਹੈ, ਜੋ ਅੰਗਰੇਜ਼ੀ ਵਰਜਨ ਵਿਚ ਗਾਇਬ ਹੈ। ਇਸ ਤੋਂ ਸਵਾਲ ਉਠ ਰਹੇ ਹਨ।ਇਰਾਨੀ ਵਿਦੇਸ਼ ਮੰਤਰੀ ਅਬਾਸ ਅਰਾਗਚੀ ਨੇ ਕਿਹਾ ਕਿ ਹੋਰਮੁਜ਼ ਜਲਮਾਰਗ ਵਿਚ ਆਵਾਜਾਈ ਇਰਾਨੀ ਫੌਜੀ ਨਿਗਰਾਨੀ ਹੇਠ ਹੋਵੇਗੀ ਅਤੇ ਲੰਘਦੀਆਂ ਜਹਾਜ਼ਾਂ ਤੋਂ ਇਰਾਨ ਅਤੇ ਓਮਾਨ ਲਈ ਫੀਸ ਵਸੂਲੀ ਜਾਵੇਗੀ, ਜਿਸ ਨਾਲ ਪੁਨਰ ਨਿਰਮਾਣ ਲਈ ਫੰਡ ਇਕੱਠਾ ਕੀਤਾ ਜਾਵੇਗਾ। ਇਰਾਨ ਨੇ ਖੇਤਰ ਤੋਂ ਅਮਰੀਕੀ ਫੌਜਾਂ ਵਾਪਸ ਲੈਣ, ਪਾਬੰਦੀਆਂ ਹਟਾਉਣ ਅਤੇ ਜ਼ਬਤ ਫੰਡ ਰਿਲੀਜ਼ ਕਰਨ ਦੀ ਮੰਗ ਕੀਤੀ ਹੈ।ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਕਿਹਾ ਕਿ ਜੰਗਬੰਦੀ ਵਿਚ ਇਜ਼ਰਾਈਲ ਅਤੇ ਹਿਜ਼ਬੁੱਲਾਹ ਵਿਚਾਲੇ ਲੜਾਈ ਰੋਕਣ ਦੀ ਅਪੀਲ ਵੀ ਸ਼ਾਮਲ ਹੈ। ਇਰਾਨ ਦੀ 10 ਸੂਤਰੀ ਜੰਗਬੰਦੀ ਯੋਜਨਾ ਵਿਚ ਫਾਰਸੀ ਵਰਜਨ ਵਿਚ "ਨਿਊਕਲੀਅਰ ਐਨਰਿਚਮੈਂਟ ਲਈ ਇਜਾਜ਼ਤ" ਦਾ ਜ਼ਿਕਰ ਹੈ, ਜੋ ਅੰਗਰੇਜ਼ੀ ਵਰਜਨ ਵਿਚ ਗਾਇਬ ਹੈ। ਇਸ ਤੋਂ ਸਵਾਲ ਉਠ ਰਹੇ ਹਨ।

ਇਰਾਨੀ ਵਿਦੇਸ਼ ਮੰਤਰੀ ਅਬਾਸ ਅਰਾਗਚੀ ਨੇ ਕਿਹਾ ਕਿ ਹੋਰਮੁਜ਼ ਜਲਮਾਰਗ ਵਿਚ ਆਵਾਜਾਈ ਇਰਾਨੀ ਫੌਜੀ ਨਿਗਰਾਨੀ ਹੇਠ ਹੋਵੇਗੀ ਅਤੇ ਲੰਘਦੀਆਂ ਜਹਾਜ਼ਾਂ ਤੋਂ ਇਰਾਨ ਅਤੇ ਓਮਾਨ ਲਈ ਫੀਸ ਵਸੂਲੀ ਜਾਵੇਗੀ, ਜਿਸ ਨਾਲ ਪੁਨਰ ਨਿਰਮਾਣ ਲਈ ਫੰਡ ਇਕੱਠਾ ਕੀਤਾ ਜਾਵੇਗਾ। ਇਰਾਨ ਨੇ ਖੇਤਰ ਤੋਂ ਅਮਰੀਕੀ ਫੌਜਾਂ ਵਾਪਸ ਲੈਣ, ਪਾਬੰਦੀਆਂ ਹਟਾਉਣ ਅਤੇ ਜ਼ਬਤ ਫੰਡ ਰਿਲੀਜ਼ ਕਰਨ ਦੀ ਮੰਗ ਕੀਤੀ ਹੈ।

ਟਰੰਪ ਨੇ ਕਿਹਾ ਕਿ ਇਹ ਫੈਸਲਾ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਅਤੇ ਆਰਮੀ ਚੀਫ ਜਨਰਲ ਆਸਿਮ ਮੁਨੀਰ ਨਾਲ ਗੱਲਬਾਤ ਤੋਂ ਬਾਅਦ ਲਿਆ ਗਿਆ। ਤਹਿਰਾਨ ਵਿਚ ਸਰਕਾਰੀ ਸਮਰਥਕ ਪ੍ਰਦਰਸ਼ਨਾਂ ਵਿਚ ਅਮਰੀਕਾ ਅਤੇ ਇਜ਼ਰਾਈਲ ਵਿਰੋਧੀ ਨਾਅਰੇ ਲਗਾਏ ਗਏ। ਇਸ ਟਕਰਾਅ ਵਿਚ ਇਰਾਨ ਵਿਚ 1900 ਤੋਂ ਵੱਧ ਅਤੇ ਲੈਬਨਾਨ ਵਿਚ 1500 ਤੋਂ ਵੱਧ ਲੋਕ ਮਾਰੇ ਗਏ ਹਨ, ਲੱਖਾਂ ਬੇਘਰ ਹੋਏ ਹਨ।

ਫਰਾਂਸੀਸੀ ਰਾਸ਼ਟਰਪਤੀ ਇਮਾਨੁਏਲ ਮੈਕਰੋਂ ਨੇ ਦੱਸਿਆ ਕਿ ਫਰਾਂਸ ਦੀ ਅਗਵਾਈ ਵਿਚ 15 ਤੋਂ ਵੱਧ ਦੇਸ਼ ਹੋਰਮੁਜ਼ ਵਿਚ ਆਵਾਜਾਈ ਮੁੜ ਸ਼ੁਰੂ ਕਰਨ ਲਈ ਮਦਦ ਕਰਨਗੇ। ਇਹ ਮਿਸ਼ਨ ਇਰਾਨ ਨਾਲ ਤਾਲਮੇਲ ਨਾਲ ਚਲਾਇਆ ਜਾਵੇਗਾ। ਇਜ਼ਰਾਈਲੀ ਅਧਿਕਾਰੀ ਨੇ ਕਿਹਾ ਕਿ ਅਗਲੀਆਂ ਗੱਲਬਾਤਾਂ ਵਿਚ ਇਰਾਨੀ ਨਿਊਕਲੀਅਰ ਸਮੱਗਰੀ ਹਟਾਉਣਾ, ਯੂਰੇਨੀਅਮ ਐਨਰਿਚਮੈਂਟ ਰੋਕਣਾ ਅਤੇ ਬੈਲਿਸਟਿਕ ਮਿਸਾਈਲ ਖ਼ਤਰਾ ਖਤਮ ਕਰਨਾ ਸ਼ਾਮਲ ਹੋਵੇਗਾ।ਭਾਰਤ ਨੇ ਜੰਗਬੰਦੀ ਦਾ ਸਵਾਗਤ ਕੀਤਾ ਅਤੇ ਆਸ ਪ੍ਰਗਟਾਈ ਕਿ ਇਹ ਪੱਛਮੀ ਏਸ਼ੀਆ ਵਿਚ ਸਥਾਈ ਸ਼ਾਂਤੀ ਲਿਆਵੇਗਾ। ਟਰੰਪ ਨੇ ਕਿਹਾ ਕਿ ਅਮਰੀਕਾ ਹੋਰਮੁਜ਼ ਵਿਚ ਜਹਾਜ਼ਾਂ ਦੀ ਭੀੜ ਘਟਾਉਣ ਵਿਚ ਮਦਦ ਕਰੇਗਾ ਅਤੇ ਇਸ ਨੂੰ ਵਿਸ਼ਵ ਸ਼ਾਂਤੀ ਵੱਲ ਵੱਡਾ ਕਦਮ ਦੱਸਿਆ। ਜੰਗਬੰਦੀ ਅਤੇ ਹੋਰਮੁਜ਼ ਖੋਲ੍ਹਣ ਤੋਂ ਬਾਅਦ ਤੇਲ ਦੀਆਂ ਕੀਮਤਾਂ $100 ਪ੍ਰਤੀ ਬੈਰਲ ਤੋਂ ਹੇਠਾਂ ਆ ਗਈਆਂ ਹਨ। ਅਮਰੀਕੀ ਕਰੂਡ 14.3% ਘੱਟ ਕੇ $96.83 ਤੇ ਪਹੁੰਚ ਗਿਆ ਅਤੇ ਬ੍ਰੈਂਟ ਕਰੂਡ 13.3% ਘੱਟ ਕੇ $94.74 ਤੇ ਆ ਗਿਆ। ਏਸ਼ੀਆਈ ਬਾਜ਼ਾਰਾਂ ਵਿਚ ਵੀ ਤੇਜ਼ੀ ਆਈ ਹੈ।ਪਾਕਿਸਤਾਨ ਨੇ ਅਮਰੀਕਾ ਅਤੇ ਇਰਾਨ ਨੂੰ ਵੀਰਵਾਰ ਨੂੰ ਇਸਲਾਮਾਬਾਦ ਵਿਚ ਗੱਲਬਾਤ ਲਈ ਸੱਦਾ ਦਿੱਤਾ ਹੈ। ਚੀਨ ਵੀ ਇਸ ਵਿਚ ਸਰਗਰਮ ਭੂਮਿਕਾ ਨਿਭਾ ਰਿਹਾ ਹੈ। ਇਸ ਤਰ੍ਹਾਂ ਇਸ ਤਣਾਅਪੂਰਨ ਸਥਿਤੀ ਵਿਚ ਡਿਪਲੋਮੈਸੀ ਅਤੇ ਗੱਲਬਾਤ ਨੂੰ ਮਹੱਤਵ ਮਿਲ ਰਿਹਾ ਹੈ ਅਤੇ ਉਮੀਦ ਹੈ ਕਿ ਅਗਲੇ ਦੋ ਹਫ਼ਤਿਆਂ ਵਿਚ ਸਥਾਈ ਹੱਲ ਨਿਕਲੇਗਾ।

**Cee7 News** ਹਾਈ ਕੋਰਟ ਦੀ ਝਾੜ: ਬਸਤੀਵਾਦੀ ਦੌਰ ਦੀ ਪੁਲੀਸਿੰਗ ਹੁਣ ਨਹੀਂ ਚੱਲੇਗੀ


## ਪੰਜਾਬ ਪੁਲੀਸ ਨੇ ਲਿਆ ਇੱਕ ਅਹਿਮ ਫੈਸਲਾ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ 'ਬਸਤੀਵਾਦੀ ਦੌਰ ਦੀ ਪੁਲੀਸਿੰਗ' ਲਈ ਲਾਈ ਗਈ ਤਿੱਖੀ ਫਟਕਾਰ ਤੋਂ ਬਾਅਦ ਪੰਜਾਬ ਪੁਲੀਸ ਨੇ ਇੱਕ ਅਹਿਮ ਫੈਸਲਾ ਲਿਆ ਹੈ। ਉਨ੍ਹਾਂ ਨੇ ਨਿਰਦੇਸ਼ ਜਾਰੀ ਕੀਤੇ ਹਨ ਕਿ ਸਾਫ਼-ਸੁਥਰੇ ਪਿਛੋਕੜ ਵਾਲੇ ਨੌਜਵਾਨਾਂ ਵਿਰੁੱਧ ਜ਼ਬਰਦਸਤੀ ਕਾਰਵਾਈ ਸਿਰਫ਼ ਸਪੱਸ਼ਟ ਅਤੇ ਨਿਰਪੱਖ ਸਬੂਤਾਂ ਦੇ ਆਧਾਰ 'ਤੇ ਹੀ ਕੀਤੀ ਜਾਵੇਗੀ। ਇਸ ਫੈਸਲੇ ਨੂੰ 'ਕਲੋਨੀਅਲ ਪੁਲੀਸਿੰਗ' ਤੋਂ ਮੁਕਤੀ ਵਜੋਂ ਵੇਖਿਆ ਜਾ ਰਿਹਾ ਹੈ। ਇਸ ਨਾਲ ਪੁਲੀਸ ਵਿਭਾਗ ਵਿੱਚ ਅਧਿਕਾਰ-ਸੰਵੇਦਨਸ਼ੀਲ ਪੁਲੀਸਿੰਗ ਵੱਲ ਇੱਕ ਵੱਡੀ ਤਬਦੀਲੀ ਆਉਣ ਦੀ ਉਮੀਦ ਹੈ।ਹਾਈ ਕੋਰਟ ਨੇ ਇੱਕ ਮਾਮਲੇ ਵਿੱਚ ਤਿੱਖੀ ਟਿੱਪਣੀ ਕੀਤੀ ਸੀ ਕਿ ਪੁਲੀਸ ਸਿਰਫ਼ ਗੈਰ-ਪ੍ਰਮਾਣਿਤ ਗੁਪਤ ਸੂਚਨਾ ਦੇ ਆਧਾਰ 'ਤੇ ਨੌਜਵਾਨਾਂ ਵਿਰੁੱਧ ਗੰਭੀਰ ਅਪਰਾਧਿਕ ਮਾਮਲੇ ਦਰਜ ਕਰ ਰਹੀ ਹੈ। ਇਸ ਤੋਂ ਬਾਅਦ ਪੁਲੀਸ ਨੇ 17-ਪੁਆਇੰਟ ਰਿਫਾਰਮ ਪਲੇਅਬੁੱਕ ਤਿਆਰ ਕੀਤੀ ਹੈ ਜਿਸ ਵਿੱਚ ਗ੍ਰਿਫ਼ਤਾਰੀ 'ਤੇ ਸਖ਼ਤ ਰੋਕ ਲਗਾਈ ਗਈ ਹੈ। ਇਸ ਰਿਫਾਰਮ ਵਿੱਚ ਗ੍ਰਿਫ਼ਤਾਰੀ ਲਈ ਤਰਕਪੂਰਣ ਫੈਸਲੇ ਲੈਣ, ਪੁਸ਼ਟੀ ਕਰਨ ਵਾਲੇ ਸਬੂਤਾਂ ਦਾ ਸੰਗ੍ਰਹਿ ਅਤੇ ਨਿਯਮਤ ਨਿਗਰਾਨੀ ਸਮੀਖਿਆ ਨੂੰ ਲਾਜ਼ਮੀ ਬਣਾਇਆ ਗਿਆ ਹੈ। ਇਸ ਨਾਲ ਪਹਿਲੀ ਵਾਰ ਸ਼ੱਕ ਦੇ ਘੇਰੇ ਵਿੱਚ ਆਏ ਨੌਜਵਾਨਾਂ ਦਾ ਭਵਿੱਖ ਲਾਪਰਵਾਹੀ ਨਾਲ ਖ਼ਤਰੇ ਵਿੱਚ ਨਾ ਪਵੇ।ਪੁਲੀਸ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਜੇਕਰ ਕੋਈ ਨੌਜਵਾਨ ਜਾਂਚ ਵਿੱਚ ਸਹਿਯੋਗ ਕਰਦਾ ਹੈ ਅਤੇ ਸਬੂਤ ਦਸਤਾਵੇਜ਼ੀ ਰੂਪ ਵਿੱਚ ਮੌਜੂਦ ਹਨ ਤਾਂ ਹਿਰਾਸਤੀ ਪੁੱਛਗਿੱਛ ਬੇਲੋੜੀ ਮੰਨੀ ਜਾ ਸਕਦੀ ਹੈ। ਇਸ ਲਈ ਹਿਰਾਸਤੀ ਪੁੱਛਗਿੱਛ ਦੀ ਲੋੜ ਨੂੰ ਸਾਬਤ ਕਰਨ ਵਾਲੇ ਕਾਰਨ ਰਿਕਾਰਡ ਵਿੱਚ ਦਰਜ ਕੀਤੇ ਜਾਣੇ ਚਾਹੀਦੇ ਹਨ। ਇਸ ਨਾਲ ਬੇਲੋੜੀ ਗ੍ਰਿਫ਼ਤਾਰੀਆਂ ਘੱਟ ਹੋਣਗੀਆਂ ਅਤੇ ਨੌਜਵਾਨਾਂ ਨੂੰ ਬਿਨਾਂ ਵਜ੍ਹਾ ਤੰਗ ਨਹੀਂ ਕੀਤਾ ਜਾਵੇਗਾ।ਇਸ ਨਵੀਂ ਨੀਤੀ ਦਾ ਮੁੱਖ ਉਦੇਸ਼ ਇਹ ਹੈ ਕਿ ਪੁਲੀਸਿੰਗ ਨੂੰ ਹੋਰ ਆਧੁਨਿਕ ਅਤੇ ਮਨੁੱਖੀ ਬਣਾਇਆ ਜਾਵੇ। ਪੁਰਾਣੀ ਬਸਤੀਵਾਦੀ ਸ਼ੈਲੀ ਵਿੱਚ ਪੁਲੀਸ ਲੋਕਾਂ ਨੂੰ ਡਰਾ-ਧਮਕਾ ਕੇ ਜਾਂ ਬਿਨਾਂ ਪੁਰਾਣੇ ਸਬੂਤਾਂ ਤੋਂ ਗ੍ਰਿਫ਼ਤਾਰ ਕਰ ਲੈਂਦੀ ਸੀ। ਇਸ ਨਾਲ ਬਹੁਤ ਸਾਰੇ ਨਿਰਦੋਸ਼ ਨੌਜਵਾਨਾਂ ਦੀਆਂ ਜ਼ਿੰਦਗੀਆਂ ਪ੍ਰਭਾਵਿਤ ਹੋਈਆਂ ਸਨ। ਹੁਣ ਇਸ ਤਬਦੀਲੀ ਨਾਲ ਯੁਵਕਾਂ ਨੂੰ ਬਿਹਤਰ ਸੁਰੱਖਿਆ ਮਿਲੇਗੀ ਅਤੇ ਉਨ੍ਹਾਂ ਦਾ ਭਵਿੱਖ ਉੱਜਵਲ ਰਹੇਗਾ।



ਪੰਜਾਬ ਵਿੱਚ ਨੌਜਵਾਨ ਆਬਾਦੀ ਬਹੁਤ ਵੱਡੀ ਹੈ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ ਜਾਂ ਨੌਕਰੀਆਂ ਤਲਾਸ਼ ਰਹੇ ਹਨ। ਜੇਕਰ ਉਨ੍ਹਾਂ ਵਿਰੁੱਧ ਬਿਨਾਂ ਸਬੂਤਾਂ ਤੋਂ ਮਾਮਲੇ ਦਰਜ ਹੋ ਜਾਣ ਤਾਂ ਉਨ੍ਹਾਂ ਦੀ ਭਵਿੱਖੀ ਨੌਕਰੀ, ਵਿਦੇਸ਼ ਜਾਣ ਜਾਂ ਵਿਆਹ ਵਰਗੀਆਂ ਚੀਜ਼ਾਂ ਪ੍ਰਭਾਵਿਤ ਹੋ ਸਕਦੀਆਂ ਹਨ। ਇਸ ਲਈ ਇਹ ਨਵਾਂ ਨਿਰਦੇਸ਼ ਬਹੁਤ ਮਹੱਤਵਪੂਰਨ ਹੈ। ਇਸ ਨਾਲ ਪੁਲੀਸ ਅਤੇ ਨੌਜਵਾਨ ਵਰਗ ਵਿਚਕਾਰ ਭਰੋਸਾ ਵਧੇਗਾ।ਪੁਲੀਸ ਅਧਿਕਾਰੀਆਂ ਨੇ ਇਸ ਬਾਰੇ ਕਿਹਾ ਹੈ ਕਿ ਗ੍ਰਿਫ਼ਤਾਰੀ ਤੋਂ ਪਹਿਲਾਂ ਸਾਰੇ ਸਬੂਤਾਂ ਦੀ ਜਾਂਚ ਲਾਜ਼ਮੀ ਹੋਵੇਗੀ। ਜੇਕਰ ਸਬੂਤ ਪੱਕੇ ਨਾ ਹੋਣ ਤਾਂ ਗ੍ਰਿਫ਼ਤਾਰੀ ਨਾ ਕੀਤੀ ਜਾਵੇ। ਇਸ ਤੋਂ ਇਲਾਵਾ ਪੁਲੀਸ ਨੂੰ ਨਿਯਮਤ ਤੌਰ 'ਤੇ ਆਪਣੀਆਂ ਕਾਰਵਾਈਆਂ ਦੀ ਸਮੀਖਿਆ ਵੀ ਕਰਨੀ ਪਵੇਗੀ ਤਾਂ ਜੋ ਕੋਈ ਗਲਤੀ ਨਾ ਹੋਵੇ। ਇਸ ਨਾਲ ਪੁਲੀਸ ਵਿਭਾਗ ਵਿੱਚ ਪਾਰਦਰਸ਼ਤਾ ਵਧੇਗੀ ਅਤੇ ਲੋਕਾਂ ਦਾ ਵਿਸ਼ਵਾਸ ਵੀ ਮਜ਼ਬੂਤ ਹੋਵੇਗਾ।ਇਸ ਫੈਸਲੇ ਤੋਂ ਪੰਜਾਬ ਦੇ ਨੌਜਵਾਨਾਂ ਵਿੱਚ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇਸ ਨੂੰ ਸਵਾਗਤ ਕੀਤਾ ਹੈ ਅਤੇ ਉਮੀਦ ਜਤਾਈ ਹੈ ਕਿ ਇਸ ਨਾਲ ਬੇਲੋੜੀਆਂ ਗ੍ਰਿਫ਼ਤਾਰੀਆਂ ਖਤਮ ਹੋਣਗੀਆਂ। ਇੱਕ ਨੌਜਵਾਨ ਨੇ ਕਿਹਾ, "ਅਸੀਂ ਲੰਬੇ ਸਮੇਂ ਤੋਂ ਇਸ ਤਰ੍ਹਾਂ ਦੀ ਤਬਦੀਲੀ ਦੀ ਮੰਗ ਕਰ ਰਹੇ ਸੀ। ਹੁਣ ਪੁਲੀਸ ਸਾਡੇ ਭਵਿੱਖ ਨਾਲ ਖਿਲਵਾੜ ਨਹੀਂ ਕਰ ਸਕੇਗੀ।"

## "ਲਿਖੀਏ ਸਦਾ ਸਚਾਈ" ਹਕੀਕੀ ਕਾਵਿ



ਮਾਤਰਾਵਾਂ ਕਵਿਤਾ ਗਜ਼ਲ ਰੁਬਾਈ ਦੀਆਂ,
ਕਿੰਨੀਆਂ ਹੋਵਣ,
ਇਹ ਮੈਨੂੰ ਬਿਲਕੁਲ ਨਹੀਂ ਗਿਆਨ।
ਫਿਰ ਵੀ ਮੇਰੀ ਕੀਤੀ ਤੁੱਕ ਬੰਦੀ ਨੂੰ,
ਦੋਸਤ ਕਰਦੇ ਨੇ ਪਰਵਾਨ।
ਮੈਂ ਕਹਿਣਾ ਕੀ ਹਾਂ ਚਾਹੁੰਦਾ,ਇਹ ਸਮਝ ਹੈ ਓਨਾਂ ਨੂੰ ਆ ਜਾਂਦੀ,
ਜਿਸਦੇ ਜਿਹਨ ਚ ਗੱਲ ਬਹਿਜੇ ਓਹ ਬਿਲਕੁਲ
ਹੋਣ ਮਹਾਨ।
ਮੈਂ ਕਿਸੇ ਵੀ ਧਰਮ ਦੇ ਉੱਤੇ ਮਾੜਾ ਕਦੇ ਵੀ ਲਿਖਦਾ ਨਾ,
ਦਿਲ ਦੀ ਗੱਲ ਦੋਸਤੋ ਮੈਂ ਕਰਦਾ ਹਾਂ ਵਖਿਆਣ।
ਸਮਾਜ ਲਈ ਵੀ ਲਿਖਦਾ ਹਾਂ ਤੇ ਲਿਖਦਾ ਹਾਂ ਨਸ਼ਿਆਂ ਤੇ,
ਗੈਂਗਵਾਰ ਤੇ ਲਿਖਾਂ ਸਦਾ ਜੋ ਕਹਿਰ ਲੋਕਾਂ ਤੇ ਢਾਹਣ।
ਕਿਸਾਨੀ ਮਸਲਿਆਂ ਦੀ ਗੱਲ ਵੀ ਮੈਂ ਲਿਖਤਾਂ ਵਿੱਚ ਪਰੋਂਵਾਂ,
ਕਈ ਦੋਸਤ ਓਨਾਂ ਗੀਤਾਂ ਨੂੰ ਮਹਿਫਲ ਦੇ ਵਿੱਚ ਗਾਣ।
ਧਰਮ ਪਰਿਵਰਤਨ ਵਾਲਾ ਵਤੀਰਾ ਹੈ ਬਹੁਤ ਹੀ ਮਾੜਾ ,
ਬੁੱਧੀਜੀਵੀ ਵਰਗ ਇਸ ਨੂੰ ਕਦੇ ਵੀ ਨਹੀਓਂ ਸਲਾਹਣ।
ਵਿਧਾ ਭਾਵੇਂ ਕੋਈ ਵੀ ਹੋਵੇ ਲਿਖਦੇ ਰਹਿਣਾ ਚਾਹੀਦਾ,
'ਦੱਦਾਹੂਰੀਆ' ਤਿੱਖਾ ਲਿਖੋ ਜਿਵੇਂ ਕਰਦੀ ਤਿੱਖਾ ਸਾਣ।

ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

## ਮਾਰੂਥਲ ਵਿੱਚ ਤ੍ਰਿਹਾਇਆ ਦੀ ਬਾਤ ਹਰ ਕੋਈ ਪਾਉਂਦਾ



ਮਾਰੂਥਲ ਵਿੱਚ ਤ੍ਰਿਹਾਇਆ ਦੀ ਬਾਤ
ਹਰ ਕੋਈ ਪਾਉਂਦਾ
ਪਰ ਮਾਰੂਥਲ
ਤ੍ਰੇਹ ਉਹਨੂੰ ਵੀ ਲੱਗਦੀ
ਹਿੱਕ ਤੇ ਵਗਦੇ
ਸੁੱਕੇ ਦਰਿਆ
ਰੋਮ ਰੋਮ ਪਿਆਸਾ
ਤੜਫਦਾ ਇਕ ਬੂੰਦ ਲਈ
ਕੋਈ ਛਾਂ ਨਹੀਂ ਲੱਭਦੀ
ਆਸੇ ਪਾਸੇ
ਡੂੰਘੀ ਉਤਰ ਚੁੱਕੀ
ਤ੍ਰੇਹ ਨਾਲ ਭਰਿਆ
ਵੇਖਦਾ
ਆਕਾਸ਼ ਵੱਲ
ਉਮੀਦ ਭਰੀਆਂ ਅੱਖਾਂ ਨਾਲ
ਪਿੰਡੇ ਤੇ ਪਏ
ਸੁੱਕ ਦੇ ਨਿਸ਼ਾਨ
ਖੁਸ਼ਕ ਸਿਕਰੀ
ਖੁਰਕ ਕਰ
ਹੋ ਜਾਣਾ ਚਾਹੁੰਦਾ
ਲਹੂ ਲੁਹਾਣ
ਕਿਤੇ
ਲਹੂ ਨਾਲ ਹੀ ਬੁਝ ਜਾਵੇ
ਅੰਤਾਂ ਦੀ ਤ੍ਰੇਹ
ਲੇਖਕ : ਹਰਪ੍ਰੀਤ ਕੌਰ ਸੰਧੂ।

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਤੋਰ...**

ਅੱਖ ਸ਼ੈਤਾਨੀ ਅਤੇ ਤੋਰ ਮਸਤਾਨੀ ਦੇ ਹਿੱਸੇ ਆਉਂਦੈ ਸਭ ਦਾ ਮਨ ਮੋਹ ਲੈਣਾ। ਅਜਿਹੀ ਆਦਤ ਹੀ ਪੱਕ ਜਾਵੇ ਤਾਂ ਵਿਅਕਤੀ ਤਰਥੱਲੀ ਮਚਾ ਦਿੰਦੈ। ਤੇਰੀ ਤੋਰ ਨੇ ਪੱਟੇ ਪਟਵਾਰੀ ਤੇ ਅੱਖ ਪਟਵਾਰਨ ਦੀਆਂ ਕਹਾਵਤਾਂ ਉਂਝ ਹੀ ਥੋੜ੍ਹੇ ਬਣੀਆਂ ਨੇ॥ ਕੰਮ ਕਾਰ ਤੋਰਨ ਦੀ ਤਮੰਨਾ ਪ੍ਰਪੱਕ ਹੋ ਜਾਵੇ ਤਾਂ ਬੰਦਾ ਔਖਾ ਸੌਖਾ ਕੰਮ ਤੋਰ ਹੀ ਲੈਂਦੈ॥ ਵਕਤ ਦੀ ਤੋਰ ਤੁਰਦੇ ਜਾਓ। ਤਰੱਕੀ ਦੇ ਰਾਹ ਵੀ ਲੱਭਣ ਲੱਗ ਪੈਂਦੇ ਨੇ। ਖੜ੍ਹੋਤ ਦਾ ਖਤਰਾ ਵੀ ਨਹੀਂ ਰਹਿੰਦਾ॥

**ਬੈਠਕ...**

ਹਰ ਰੋਜ਼ ਕਸਰਤ ਕਰਨ ਤੇ ਡੰਡ ਬੈਠਕਾਂ ਮਾਰਨ ਦੀ ਆਦਤ ਬੰਦੇ ਨੂੰ ਤੰਦਰੁਸ਼ਤ ਰਹਿਣ 'ਚ ਮੱਦਦ ਕਰਦੀ ਹੈ॥ ਪੂਰਵ ਤਿਆਰੀ ਬੈਠਕ ਦੌਰਾਨ ਬੰਦੇ ਦਾ ਮਾਨ ਸਨਮਾਨ ਜਰੂਰ ਵਧਾਉਂਦੀ ਹੈ। ਹਿੱਸੇਦਾਰੀ ਸਾਰਥਕ ਬਣ ਜਾਂਦੀ ਹੈ॥

ਬੈਠਕਾਂ ਦੌਰਾਨ ਹੁੱਬ ਕੇ ਕੀਤੀ ਚਰਚਾ ਸੰਗਠਨ ਦੇ ਪ੍ਰੋਗਰਾਮਾਂ ਦੀ ਕਾਮਯਾਬੀ ਤੇ ਨਿਰਭਰ ਕਰਦੀ ਹੈ। ਯੋਜਨਾਂ, ਐਕਸ਼ਨ, ਪੜਚੋਲ ਆਦਿ ਬੈਠਕਾਂ ਨੇ ਹੀ ਤਹਿ ਕਰਨਾ ਹੁੰਦੈ॥

ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

# (ਸ਼ਕਤੀਮਾਨ) ਬਾਤਾਂ ਬੀਤੇ ਦੀਆਂ(ਹੱਡ ਬੀਤੀ)



1993 ਦੀ ਗੱਲ ਹੈ,ਜਦੋਂ ਮਲੇਰੀਆ ਮਹਿਕਮੇ ਵਿੱਚ ਮੇਰੇ ਸੁਪਰਵਾਈਜ਼ਰ ਦੇ ਆਡਰ ਵੀਹ ਦਿਨ ਲੇਟ ਹੋਏ ਸਨ। ਰਹਿੰਦੀ ਕਸਰ ਪੰਜਾਹ ਕਿਲੋਮੀਟਰ ਦੀ ਦੂਰੀ ਤੇ ਗੰਡੀਵਿੰਡ ਸਰਾ ਬਲਾਕ ਵਿੱਚ ਡਿਊਟੀ ਲੱਗਣ ਨੇ ਕੱਢ ਦਿੱਤੀ ਸੀ। ਮੈ ਸਾਮ ਨੂੰ ਆਪਣੇ ਸਾਈਕਲ ਦੀ ਸਰਵਿਸ ਕਰ ਲਈ ਸੀ। ਦੂਰ ਦੇ ਬਲਾਕ ਵਿੱਚ ਕੰਮ ਮਿਲਣ ਕਰਕੇ ਸਾਰੀ ਰਾਤ ਚਿੰਤਾ ਵਿੱਚ ਨੀਂਦਰ ਨਹੀਂ ਆਈ ਸੀ। ਕਿਉਕਿ ਰੋਜ ਸਾਈਕਲ ਤੇ ਅਪ-ਡੋਨ ਕਰਨਾ ਖਾਲਾ ਜੀ ਦਾ ਵਾੜਾ ਨਹੀਂ ਸੀ। ਭਾਵ ਬਹੁਤ ਮੁਸ਼ਕਲ ਲੱਗਦਾ ਸੀ।ਪਹਿਲਾ ਮੈ ਮਲੇਰੀਆ ਮਹਿਕਮੇ ਵਿੱਚ ਕਈ ਸੀਜ਼ਨਾਂ ਦੇ ਨਜ਼ਾਰੇ ਆਪਣੇ ਚੋਹਲਾ ਬਲਾਕ ਵਿੱਚ ਲੁੱਟੇ ਸਨ।

ਸਵੇਰੇ ਤੜਕੇ ਮੈ ਇਕ ਝੋਲੇ ਵਿੱਚ ਸੱਤ-ਅੱਠ ਪਰੌਠੇ ਅਤੇ ਦੋ-ਤਿੰਨ ਅੰਬ ਦੇ ਚਾਰ ਦੀ ਫਾੜੀਆਂ ਪੋਣੇ ਵਿੱਚ ਬੰਨ੍ਹ ਕੇ ਪਾ ਲਈਆਂ ਸਨ। ਦੂਜੇ ਝੋਲੇ ਵਿੱਚ ਕਾਪੀ ਵਿੱਚ ਡਿਊਟੀ ਜਵਾਇਨ ਕਰਨ ਵਾਲੇ ਆਡਰ ਸਿੱਧੇ ਕਰਕੇ ਪਾ ਲਏ ਸਨ।ਮੈ ਆਪਣਾ ਸਾਈਕਲ ਤੇਜ ਰਫਤਾਰ ਚਲਾਉਂਦਾ ਹੋਇਆ ਪੂਰੇ ਦੋ ਘੰਟਿਆਂ ਵਿੱਚ ਬਾਬੇ ਬੁੱਢੇ ਨੇੜੇ ਪਿੰਡ ਠੱਠੇ ਵਿੱਚ ਪਹੁੰਚ ਗਿਆ ਸੀ। ਕਿਉਕਿ ਇਸ ਪਿੰਡ ਵਿੱਚ ਹੀ ਸਪਰੇਅ ਦਾ ਕੰਮ ਚਲ ਰਿਹਾ ਸੀ।

ਭਾਅ ਜੀ ਤੁਹਾਡੇ ਪਿੰਡ ਵਿੱਚ ਮੱਛਰ ਮਾਰਨ ਵਾਲੇ ਕਿੱਥੇ ਕੰਮ ਕਰ ਰਹੇ ਹਨ?,"ਮੈ ਪਿੰਡ ਦੇ ਬਾਹਰਵਾਰ ਬਣੇ ਬੱਸ ਅੱਡੇ ਤੇ ਖਲੋਤੇ ਪੰਜ-ਸੱਤ ਬੰਦਿਆਂ ਤੋ ਥੋੜ੍ਹੀ ਜਿਹੀ ਘਬਰਾਹਟ ਵਿੱਚ ਪੁੱਛਿਆ । ਇਕ ਟੀਮ ਆਹ ਸਾਹਮਣੇ ਮੇਨ ਗਲੀ ਵਿੱਚ ਕੰਮ ਕਰ ਰਹੀ ਹੈ। ਭਾਈ ਸਹਿਬ ਕਿਥੋਂ ਆਇਆ ਹੈ?ਤੇਰਾ ਪਿੰਡ ਕਿਹੜਾ ਹੈ?"ਇਕ ਤੀਹ-ਬੱਤੀ ਸਾਲ ਦੇ,ਕਤਰੀ ਦਾੜ੍ਹੀ ਵਾਲੇ ਵਿਆਕਤੀ ਨੇ ਮੇਰੇ ਵਲ ਨੀਝ ਨਾਲ ਤੱਕਦਿਆ ਅਤੇ ਟੀਮ ਬਾਰੇ ਜਾਣਕਾਰੀ ਦਿੰਦਿਆ ਆਖਿਆ ।

ਭਾਅ ਜੀ,ਮੇਰਾ ਪਿੰਡ ਖਾਰਾ ਹੈ। ਮੈ ਪਹਿਲੇ ਦਿਨ ਇਹਥੇ ਡਿਊਟੀ ਜਵਾਇਨ ਕਰਨੀ। ਮੈ ਦੂਰੋਂ ਆਉਣ ਕਰਕੇ ਕਾਫੀ ਲੇਟ ਹੋ ਗਿਆ ਹਾ,"ਮੈ ਕਾਹਲੀ ਵਿੱਚ ਦੱਸਦਿਆਂ ਆਖਿਆ ਅਤੇ ਝੱਟ-ਪੱਟ ਆਪਣੀ ਟੀਮ ਲੱਭਣ ਦੇ ਰਾਹੇ ਪੈ ਗਿਆ। ਚਾਕ ਨਾਲ ਬੂਹਿਆਂ ਤੇ ਲਿਖੀਆਂ ਸਮਰੀਆਂ ਦਾ ਭੇਤੀ ਹੋਣ ਕਰਕੇ ਮੈ ਛੇਤੀ ਆਪਣੀ ਟੀਮ ਲੱਭ ਲਈ ਸੀ।

ਰੱਬ ਦਾ ਸ਼ੁਕਰ ਹੈ!ਸਾਡਾ ਅਫਸਰ ਆ ਗਿਆ ਹੈ। ਸਾਨੂੰ ਤੇ ਰਜਿਸਟਰ ਦੀ ਕਾਰਵਾਈ ਸੰਭਾਲਣ ਦਾ ਵੀਹ ਦਿਨ ਤੋਂ ਘੱਬ ਪਿਆ ਹੋਇਆ ਸੀ। ਮੈ ਮਲੇਰੀਆ ਮਹਿਕਮੇ ਵਿੱਚ ਚੋਹਲਾ ਬਲਾਕ ਦਾ ਪਰਧਾਨ ਹੋਣ ਕਰਕੇ ਸਾਰੇ ਸਪਰੇਅ ਮੈਨ ਮੈਨੂੰ ਜਾਣਦੇ ਸਨ। ਭਲੇ ਸਮੇਂ ਹੋਣ ਕਰਕੇ ਉਹਨਾਂ ਮੇਰੇ ਲਈ ਇਕ ਘਰ ਚਾਹ ਦਾ ਪਰਬੰਧ ਵੀ ਕਰ ਦਿੱਤਾ ਸੀ ਅਤੇ ਮੇਰੀ ਢੁਕਵੀਂ ਇਜ਼ਤ ਵੀ ਕੀਤੀ ਸੀ।

ਭਾਈ ਸਹਿਬ ਜੀ,ਦੁਵਾਈ ਤੇ ਅਸੀਂ ਪਵਾਉਣੀ ਨਹੀਂ,ਤੁਹਾਡੇ ਵਿੱਚ ਪਿੰਡ ਖਾਰੇ ਦਾ ਕਿਹੜਾ ਵੀਰ ਹੈ?,"ਇਕ ਵੱਡੇ ਸਾਰੇ ਘਰ ਦੀ ਖ਼ੂਬਸੂਰਤ ਜਨਾਨੀ ਨੇ ਸਾਨੂੰ ਪੁੱਛ ਲਿਆ। ਔਹ ਰਜਿਸਟਰ ਵਾਲਾ ਸਾਡਾ ਅਫਸਰ ਪਿੰਡ ਖਾਰੇ ਤੋ ਅੱਜ ਹੀ ਡਿਊਟੀ ਤੇ ਆਇਆ ਹੈ,"ਹਰ ਘਰ ਵਿੱਚ ਅਵਾਜ਼ ਮਾਰਨ ਵਾਲੇ ਸਾਡੇ ਇਕ ਸਾਥੀ ਨੇ ਮੇਰੇ ਬਾਰੇ ਜਾਣਕਾਰੀ ਦਿੰਦਿਆ ਦੱਸਿਆ। ਵੀਰ ਜੀ ਤੇਰੇ ਬਾਰੇ ਤੇਰੇ ਭਾਅ ਜੀ ਨੇ ਮੈਨੂੰ ਦੱਸਿਆ ਸੀ। ਤੇਰੇ ਪੇਕੇ ਪਿੰਡ ਖਾਰੇ ਤੋ ਇਕ ਮੁੰਡਾ ਮੱਛਰਮਾਰਨ ਵਾਲੀ ਟੀਮ ਬਾਰੇ ਪੁੱਛ ਰਿਹਾ ਸੀ। ਵੀਰ ਜੀ, ਤੇਰੀ ਕਿਹੜੀ ਪੱਤੀ ਹੈ ਅਤੇ ਕਿਹੜੇ ਘਰਾਂ ਵਿੱਚੋਂ ਹੈ?,ਉਸ ਭੈਣ ਨੇ ਮੇਰੇ ਬਾਰੇ ਜਾਣ-ਪਛਾਣ ਕਰਦਿਆਂ ਪੁੱਛਿਆ।

ਭੈਣ ਜੀ ਨੂੰ ਜਦੋਂ ਮੈ ਆਪਣੇ ਬਾਰੇ ਕਾਫੀ ਜਾਣਕਾਰੀ ਦਿੱਤੀ,ਫੇਰ ਉਸ ਨੂੰ ਮੇਰੇ ਬਾਰੇ ਪਤਾ ਲੱਗ ਗਿਆ ਸੀ। ਤੂੰ ਰਾਤ ਕਿੱਥੇ ਰਿਹਾ ਕਰੇਗਾ?ਕੀ ਇਹਨੀ ਦੂਰ ਰੋਜ ਅਪ-ਡੋਨ ਕਰਿਆ ਕਰੇਗਾ?ਉਸ ਨੇ ਮੇਰੇ ਲੰਮੇ ਪੈਂਡੇ ਦਾ ਫਿਕਰ ਕਰਦਿਆਂ ਆਖਿਆ। ਭੈਣ ਜੀ,ਢਾਈ ਵਜੇ ਛੁੱਟੀ ਹੋ ਜਾਣੀ ਹੈ। ਫਿਲਹਾਲ ਤਾ ਵਾਪਿਸ ਜਾਣ ਦਾ ਪ੍ਰੋਗਰਾਮ ਹੈ," ਮੈ ਆਪਣੇ ਬਾਰੇ ਦੁਚਿੱਤੀ ਵਿੱਚ ਫੈਸਲਾ ਲੈਂਦਿਆ ਕਹਿ ਦਿੱਤਾ। ਵੀਰ ਜੀ ਸਾਰੇ ਜਾਣੇ ਬੈਠਕ ਵਿੱਚ ਬੈਠੋ। ਮੈ ਚਾਹ ਲੈ ਕੇ ਹੁਣੇ ਆਈ।

ਉਹ ਚਾਹ ਨਾਲ ਬਿਸਕੁਟਾਂ ਵਾਲੀ ਪਲੇਟ ਲੈ ਕੇ ਬੈਠਕ ਵਿੱਚ ਆ ਗਈ। ਨਾਲ ਹੀ ਉਸ ਦਾ ਕੁੜੀ ਮੁੰਡਾ ਵੀ ਆ ਗਿਆ ਸੀ । ਮਾਮਾ ਜੀ ਸਤਿ ਸ੍ਰੀ ਅਕਾਲ,ਦੋਵੇਂ ਬੱਚਿਆਂ ਨੇ ਮੈਨੂੰ ਸਤਿ ਸ੍ਰੀ ਅਕਾਲ ਇਸ ਤਰ੍ਹਾਂ ਬਲਾਈ, ਜਿਵੇ ਮੈਨੂੰ ਪਹਿਲਾ ਤੋ ਜਾਣਦੇ ਹੋਵਣ। ਵੀਰ ਜੀ,ਇਹ ਤੇਰੀ ਭੈਣ ਦਾ ਘਰ ਹੈ,ਜੇਕਰ ਤੂੰ ਰਹਿਣਾ ਹੋਵੇ, ਜਿੰਨੇ ਦਿਨ ਮਰਜੀ ਛੁੱਟੀ ਤੋ ਬਾਅਦ ਸਾਡੇ ਕੋਲ ਰਹਿ ਸਕਦਾ ਹੈ,"ਉਸ ਨੇ ਚਾਹ ਵਾਲੇ ਗਲਾਸ ਚੁੱਕਦਿਆਂ ਆਖਿਆ।

ਅੰਨ੍ਹਾ ਕੀ ਭਾਲੇ ਦੋ ਅੱਖਾਂ,ਮੈਨੂੰ ਪਹਿਲੇ ਦਿਨ ਰਹਿਣ ਲਈ ਵਧੀਆ ਟਿਕਾਣਾ ਮਿਲ ਗਿਆ ਸੀ। ਢਾਈ ਵਜੇ ਛੁੱਟੀ ਹੋਣ ਤੇ ਬਾਅਦ ਮੈ ਉਹਨਾਂ ਦੀ ਬੈਠਕ ਵਿੱਚ ਆ ਗਿਆ ਸੀ। ਇਕ ਘੰਟੇ ਵਿੱਚ ਮੈ ਆਪਣੇ ਰਜਿਸਟਰ ਦਾ ਕੰਮ ਨਿਬੇੜ ਲਿਆ ਸੀ। ਚਾਹ ਮੈਨੂੰ ਇਕ ਵਾਰ ਫੇਰ ਨਿਆਣੇ ਦੇ ਗਏ ਸਨ। ਬੈਠਕ ਵਿੱਚ ਘੰਟਾ ਕੋ ਅਰਾਮ ਕਰਕੇ ਮੈ ਉਥੇ ਪਈ ਇਕ ਪੁਰਾਣੀ ਅਖਬਾਰ ਪੜਨ ਲੱਗ ਪਿਆ ਸੀ। ਫੇਰ ਵੀ ਟਾਇਮ ਪਾਸ ਹੋ ਨਹੀਂ ਰਿਹਾ ਸੀ। ਮਾਮਾ ਜੀ, ਘਰੇ ਆ ਕੇ ਟੀ,ਵੀ ਵੇਖ ਲਵੋ,ਦੋਵੇਂ ਬੱਚਿਆਂ ਨੇ ਮੇਰੀਆਂ ਉਗਲਾ ਫੜ ਕੇ ਘਰ ਵਲ ਲਿਜਾਣ ਦੀ ਕੋਸ਼ਿਸ਼ ਕਰਦਿਆਂ ਆਖਿਆ।

ਵੀਰ ਜੀ,ਬਾਥਰੂਮ ਵਿੱਚ ਜਾ ਕੇ ਇਸ਼ਨਾਨ ਕਰ ਲਵੋ,ਧੋਣ ਵਾਲੇ ਕੱਪੜੇ ਮੈਨੂੰ ਦੇ ਦਿਉ ਮੈ ਧੋਅ ਦਿੰਦੀ ਹਾ,"ਭੈਣ ਨੇ ਮੇਰੀ ਪ੍ਰਾਹੁਣਾਚਾਰੀ ਕਰਦਿਆਂ ਆਖਿਆ। ਸਾਮ ਨੂੰ ਤਿੰਨ ਮੱਝਾਂ ਉਹ ਇਕੱਲੀ ਚੋਂਦੀ ਸੀ। ਉਸ ਦੇ ਘਰ ਵਾਲਾ ਟਰੈਕਟਰ ਚਲਾਉਣ ਤੇ ਖੇਤੀ ਦੇ ਕੰਮ ਤੋ ਬਗੈਰ ਘਰ ਦਾ ਹੋਰ ਕੋਈ ਕੰਮ ਨਹੀਂ ਕਰਵਾਉਂਦਾ ਸੀ। ਉਸ ਨੂੰ ਇਕੱਲੀ ਨੂੰ ਕੰਮ ਕਰਦਿਆ ਵੇਖ ਕੇ ਮੈ ਅਗਲੇ ਦਿਨ ਆਖਿਆ ਭੈਣਾਂ ਮੱਝਾਂ ਮੈ ਚੋਅ ਦਿੰਦਾ ਹਾਂ ਨਾਲੇ ਮੇਰਾ ਟਾਇਮ ਪਾਸ ਹੋ ਜਾਇਆ ਕਰੇਗਾ। ਇਹ ਬਹੁਤ ਘਰੂੜ ਹਨ ਤੇਰੇ ਤੋ ਚੋਈਆ ਨਹੀਂ ਜਾਣੀਆਂ। ਮੈ ਪਿੰਡ ਵੀ ਘਰੂੜ ਮੱਝਾਂ ਦੀ ਧਾਰ ਕੱਢਦਾ ਆਇਆ ਹਾ। ਮੈ ਉਸ ਦੀਆਂ ਦੋ ਮੱਝਾਂ ਚੋਣ ਲੱਗ ਪਿਆ ਸੀ। ਹੋਰ ਵੀ ਨਿੱਕੇ-ਮੋਟੇ ਕੰਮ ਕਰਵਾਉਣ ਲੱਗ ਪਿਆ ਸੀ।ਮੈ ਉਹਨਾਂ ਦੇ ਪਰਿਵਾਰ ਵਿੱਚ ਇਸ ਤਰ੍ਹਾਂ ਰਚ-ਮਿਚ ਗਿਆ ਸੀ,ਜਿਵੇਂ ਮੈ ਉਹਨਾਂ ਦੇ ਘਰ ਦਾ ਮੈਂਬਰ ਹੋਵਾ। ਰਾਤ ਨੂੰ ਭਾਈਆ ਜੀ ਘਰ ਦੀ ਕੱਢੀ ਦਾਰੂ ਦੇ ਪੈੱਗ ਲਾਉਣ ਦਾ ਆਦੀ ਸੀ। ਉਸ ਨੇ ਮੈਨੂੰ ਦਾਰੂ ਦਾ ਪੈੱਗ ਪੀਣ ਲਈ ਬਹੁਤ ਜੋਰ ਲਾਇਆ। ਮੈ ਕਿਹਾ ਮੈ ਕਦੇ ਦਾਰੂ ਪੀਤੀ ਨਹੀਂ ਹੈ।

ਉਹ ਰੋਜ ਤੜਕੇ ਪਰੌਠੇ ਲਾਹ ਕੇ ਬੰਨ੍ਹ ਦਿੰਦੀ। ਤੜਕੇ ਨਾਸਤਾ ਕਰਕੇ ਮੈ ਆਪਣੀ ਡਿਊਟੀ ਤੇ ਨਿਕਲ ਜਾਂਦਾ ਸੀ। ਕੱਪੜੇ ਵੀ ਰੋਜ ਧੋਅ ਦਿੰਦੀ ਸੀ। ਡਿਊਟੀ ਤੋ ਆ ਕੇ ਮੈ ਉਹਨਾਂ ਦੇ ਘਰੇਲੂ ਕੰਮ ਵਿੱਚ ਹੱਥ-ਪੜੱਥੀ ਪਵਾ ਦਿੰਦਾ ਸੀ। ਕੁਝ ਟਾਇਮ ਉਸ ਦੇ ਬੱਚਿਆਂ ਨਾਲ ਖੇਡਣ ਲੱਗ ਪੈਂਦਾ ਸੀ ਜਾਂ ਸੈਰ ਨੂੰ ਬਾਹਰ ਨਿਕਲ ਜਾਂਦਾ ਸੀ।ਨਾਲ ਹੀ ਉਸ ਦੇ ਜੇਠ-ਦਿਓਰ ਦੇ ਘਰ ਸਨ। ਉਹਨਾਂ ਵਿੱਚ ਵੀ ਮੈ ਰਚ-ਮਿਚ ਗਿਆ ਸੀ। ਉਹ ਮੇਰੀ ਪ੍ਰਾਹੁਣਚਾਰੀ ਕਰਨ ਲਈ ਕਦੇ ਖੀਰ,ਕਦੇ ਜਰਦਾ,ਕਦੇ ਸੇਵੀਆਂ ਬਣਾ ਲੈਂਦੇ ਸਨ।

ਨੇੜਲੇ ਪਿੰਡਾਂ ਵਿੱਚੋ ਕੰਮ ਮੁੱਕ ਗਿਆ ਸੀ। ਭੈਣ ਦੇ ਘਰ ਬਹੁਤ ਸਹੂਲਤਾਂ ਦੇ ਬਾਵਜੂਦ ਮੈਨੂੰ ਬਹੁਤ ਘੁੱਟਣ ਮਹਿਸੂਸ ਹੁੰਦੀ ਰਹਿੰਦੀ ਸੀ। ਨਾਨਕ ਸਿੰਘ ਆਪਣੇ ਨਾਵਲ ਵਿੱਚ ਲਿਖਦਾ ਹੈ।ਚਾਰ ਤਰ੍ਹਾਂ ਦੇ ਕੁੱਤੇ ਹੁੰਦੇ ਹਨ। ਇਕ ਭੈਣ ਦੇ ਘਰ ਭਾਈ, ਦੂਜਾ ਸੌਹਰੇ ਘਰ ਜਵਾਈ,ਤੀਜਾ ਸੌਹਰੇ ਨੇ ਮੰਜੀ ਧੀਅ ਦੇ ਬੂਹੇ ਆਣ ਡਾਹੀ। ਇਸ ਕੈਦ ਤੋ ਛੁਟਕਾਰਾ ਪਾਉਣ ਲਈ ਮੈ ਆਪਣਾ ਟਿਕਾਣਾ ਬਾਬੇ ਬੁੱਢੇ ਦੇ ਲੰਗਰ ਹਾਲ ਵਿੱਚ ਬਣਾ ਲਿਆ ਸੀ। ਲੰਗਰ ਹਾਲ ਵਿੱਚ ਮੇਰਾ ਟਿਕਾਣਾ ਬਣਾਉਣ ਵਿੱਚ ਸਾਡੇ ਇਨਸਪੈਕਟਰ ਕਲਵੰਤ ਸਿੰਘ ਨੇ ਮੇਰੀ ਮਦਦ ਕਰ ਦਿੱਤੀ ਸੀ।

ਸਾਡਾ ਸਪਰੇਅ ਦਾ ਕੰਮ ਵੀ ਚੀਚੇ-ਭਕਨੇ ਵਲ ਚਲਾ ਗਿਆ ਸੀ। ਹੁਣ ਮੈ ਤਿੰਨ ਵਜੇ ਬਾਬਾ ਬੁੱਢਾ ਸਹਿਬ ਦੇ ਕਾਲਜ ਵਿੱਚ ਮਾਲੀ ਦੇ ਘਰ ਰਜਿਸਟਰ ਦਾ ਕੰਮ ਨਿਬੇੜ ਲੈਂਦਾ ਸੀ। ਮਾਲੀ ਭਾਵੇਂ ਯੂ,ਪੀ ਦਾ ਸੀ। ਪਰ ਮੇਰਾ ਉਹਨਾਂ ਨਾਲ ਵੀ ਗੂੜਾ ਪਿਆਰ ਪੈ ਗਿਆ ਸੀ। ਕਈ ਵਾਰ ਮਾਲੀ ਮੀਟ ਚਾਵਲ ਬਣਾ ਲੈਂਦਾ ਸੀ,ਮੱਲੋ-ਮੱਲੀ ਮੈਨੂੰ ਪੈੱਗ ਲਵਾ ਕੇ ਆਪਣਾ ਖਾਣਾ ਖਾਣ ਲਈ ਮਜਬੂਰ ਕਰ ਦਿੰਦਾ ਸੀ। ਰਾਤ ਆਪਣੇ ਕੋਲ ਹੀ ਰੱਖ ਲੈਂਦਾ ਸੀ। ਆਮ ਕਰਕੇ ਮੈ ਮਾਲੀ ਦੇ ਕਮਰੇ ਵਿੱਚ ਝੋਲਾ ਟੰਗ ਕੇ ਅਤੇ ਸਾਈਕਲ ਨੂੰ ਵੀ ਉਹਥੇ ਜਿੰਦਰਾ ਮਾਰ ਕੇ ਪੰਜ ਵਜੇ ਗੁਰਦੁਆਰੇ ਲੰਗਰ ਹਾਲ ਵਿੱਚ ਚਲਿਆ ਜਾਂਦਾ ਸੀ। ਲੰਗਰ ਹਾਲ ਵਿੱਚ ਕੁਝ ਸੇਵਾਦਾਰ ਪੱਕੇ ਸਨ। ਕੁਝ ਮੇਰੇ ਵਾਗ ਆਰਜੀ ਸਨ। ਇਹਨਾਂ ਸਾਰੇ ਸੇਵਾਦਾਰਾਂ ਵਿੱਚ ਵੀ ਮੈ ਘੁਲ-ਮਿਲ ਗਿਆ ਸੀ। ਰਾਤ ਦੇ ਨੌ-ਦਸ ਵਜੇ ਤੱਕ ਆਈਆਂ ਸੰਗਤਾਂ ਨੂੰ ਲੰਗਰ ਵਰਤਾਇਆ ਜਾਂਦਾ ਸੀ। ਜੇਕਰ ਦੂਰੋ-ਨੇੜਿਉਂ ਸੰਗਤਾਂ ਦੀ ਗੱਡੀ ਰਾਤ ਦੇ ਕਿਸੇ ਟਾਇਮ ਵੀ ਆ ਜਾਵੇ। ਸਾਨੂੰ ਫੌਜੀਆਂ ਵਾਗ ਆਪਣੀਆਂ ਪੁਜ਼ੀਸ਼ਨਾਂ ਸੰਭਾਲਣੀਆ ਪੈਦੀਆਂ ਸਨ।

ਤੜਕੇ ਚਾਹ ਪੀ ਕੇ ਝਾੜੂ ਫੜ ਕੇ ਗੁਰਦੁਆਰੇ ਦੀ ਸਾਰੀ ਗਰਾਉਡ ਸਾਫ ਕਰਨੀ ਪੈਂਦੀ ਸੀ। ਫੇਰ ਵੀ ਮੈ ਇਹਥੇ ਆਪਣੇ-ਆਪ ਨੂੰ ਅਜਾਦ ਤੇ ਖੁਸ਼ ਮਹਿਸੂਸ ਕਰ ਰਿਹਾ ਸੀ। ਰਾਤ ਨੂੰ ਤੜਕਾ ਲੱਗੇ ਵਾਲੀ ਦਾਲ,ਖੀਰ,ਕੜਾਹ ਅਤੇ ਰੋਟੀ ਤੇ ਬਾਅਦ ਸਮੁੰਦਰ ਦਾ ਖੁੱਲ੍ਹਾ ਗੱਫਾ ਮਿੱਲ ਜਾਦਾਂ ਸੀ। ਗਰਾਉਡ ਸਾਫ ਕਰਨ ਤੇ ਬਾਅਦ ਮੈ ਚਾਹ ਨਾਲ ਦੋ-ਤਿੰਨ ਮਿੱਠੇ ਪਰਛਾਦੇ ਖਾ ਕੇ ਸੱਤ ਵਜੇ ਹਰ ਰੋਜ ਆਪਣੇ ਕੰਮ ਤੇ ਚਲ ਪੈਂਦਾ ਸੀ।

ਸਾਰੇ ਸੇਵਾਦਾਰਾਂ ਆਪੋ-ਆਪਣੇ ਬਿਸਤਰੇ ਅਤੇ ਪੱਖੇ ਮੱਲੇ ਹੋਏ ਸਨ। ਸਾਰੇ ਸੇਵਾਦਾਰ ਰਾਤ ਦੇ ਦਸ ਵਜੇ , ਬਾਰੀਆਂ ਬੂਹੇ ਬੰਦ ਕਰਕੇ ਫਰਸ ਦੇ ਉਪਰ ਬਿਸਤਰੇ ਸੁੱਟ ਕੇ ਸੌਂ ਜਾਂਦੇ ਸਨ। ਇਕ ਦਿਨ ਮੈ ਇਕ ਪੱਖੇ ਥੱਲੇ ਆਪਣਾ ਬਿਸਤਰਾ ਵਛਾਅ ਲਿਆ ਸੀ। ਇਕ ਪੱਕੇ ਰੰਗ ਦੇ ਬਜ਼ੁਰਗ ਨੇ ਮੈਨੂੰ ਆਖਿਆ,ਤੈਨੂੰ ਪਤਾ ਨਹੀਂ ਇਹ ਪੱਖਾ ਮੇਰਾ ਹੈ। ਮੈ ਛੇ ਮਹੀਨਿਆਂ ਤੋ ਇਸ ਪੱਖੇ ਹੇਠ ਪੈਂਦਾ ਆ ਰਿਹਾ ਹਾ।

ਕੋਈ ਗੱਲ ਨਹੀਂ ਬਾਬਾ ਜੀ ਗਲਤੀ ਹੋ ਗਈ,ਮੈ ਆਪਣਾ ਬਿਸਤਰਾ ਸਾਈਡ ਤੇ ਕਰ ਲੈਂਦਾ ਹਾ। ਇਹ ਕਹਿ ਕੇ ਮੈ ਆਪਣਾ ਬਿਸਤਰਾ ਪਾਸੇ ਖਿੱਚ ਲਿਆ ਸੀ।

ਘੰਟੇ ਕੋ ਬਾਅਦ ਛੱਤ ਵਾਲਾ ਪੱਖਾਂ ਟੁੱਟ ਕੇ ਉਸ ਬਜ਼ੁਰਗ ਦੀ ਲੱਤਾਂ ਵਿੱਚ ਡਿੱਗ ਪਿਆ ਸੀ । ਖੜਕਾ ਸੁਣ ਕੇ ਨੇੜੇ ਦੇ ਸੇਵਾਦਾਰ ਭੱਜੇ ਆਏ ਸਨ। ਕੁਦਰਤੀ ਸੱਟ ਲੱਗਣ ਤੋਂ ਬਚਾਅ ਹੋ ਗਿਆ ਸੀ। ਪਰ ਉਹ ਬਜ਼ੁਰਗ ਮੇਰੇ ਪੈਰੀਂ ਪੈ ਗਿਆ। ਕਹਿੰਦਾ ਮੇਰੇ ਤੋ ਬਹੁਤ ਗਲਤੀ ਹੋ ਗਈ ਹੈ। ਤੇਰੇ ਵਿੱਚ ਕੋਈ ਕਰਾਮਾਤ ਹੈ। ਤੂੰ ਤੇ ਸ਼ਕਤੀਮਾਨ ਹੈ। ਇਹ ਗੱਲ ਹੋਰ ਸੇਵਾਦਾਰਾਂ ਨੂੰ ਵੀ ਦੱਸ ਦਿੱਤੀ। ਕਈ ਸੇਵਾਦਾਰਾਂ ਨੇ ਮੈਨੂੰ ਆਖਿਆ ਤੂੰ ਤੇ ਯਾਰ ਸਾਡੇ ਸੇਵਾਦਾਰ ਨੂੰ ਸਰਾਪ ਦੇ ਦਿੱਤਾ ਹੈ।

ਮੈ ਦੱਸਿਆ ਮੈ ਤਾ ਲੱਗਭੱਗ ਨਾਸਤਿਕ ਹਾ। ਮੈਨੂੰ ਮਜਬੂਰੀ ਵਿੱਚ ਇਸ ਗੁਰਦੁਆਰੇ ਠਹਿਰਨਾ ਪਿਆ ਹੈ। ਦਸ ਦਿਨ ਤੋਂ ਬਾਅਦ ਸਾਡਾ ਕੰਮ ਇਹਥੇ ਮੁੱਕ ਜਾਣਾ ਹੈ । ਫੇਰ ਅਸੀਂ ਦਵਾਈ ਪਾਉਣ ਸੁਰਸਿੰਘ ਪਿੰਡ ਚਲੇ ਜਾਣਾ ਹੈ। ਰਹੀ ਗੱਲ ਪੱਖੇ ਦੇ ਡਿੱਗਣ ਦੀ,ਜਦੋਂ ਕਈ ਵਾਰ ਹਿੱਲ-ਹਿੱਲ ਕੇ ਪੱਖੇ ਦੀਆਂ ਕੁੰਡੀਆਂ ਘਸ ਜਾਦੀਆਂ ਹਨ। ਫੇਰ ਉਹ ਟੁੱਟ ਕੇ ਡਿੱਗ ਪੈਂਦੇ ਹਨ। ਪਰੰਤੂ ਮੇਰੇ ਵਲੋਂ ਤਸੱਲੀ ਦੇਣ ਦੇ ਬਾਵਜੂਦ ਉਹ ਮੈਨੂੰ ਸ਼ਕਤੀਮਾਨ ਮਹਿਸੂਸ ਕਰਦੇ ਰਹੇ।

ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋਂ।
9530579175

# ਜੰਗ ਦਾ ਸ਼ੋਰ ਤੇ ਇੰਸਾਨੀਅ ਦੀਆਂ ਚੀਕਾਂ



ਅੱਜ-ਕੱਲ੍ਹ ਜਦੋਂ ਵੀ ਅਸੀਂ ਖ਼ਬਰਾਂ ਦੇਖਦੇ ਹਾਂ ਜਾਂ ਸੋਸ਼ਲ ਮੀਡੀਆ ਫੋਲਦੇ ਹਾਂ, ਤਾਂ ਦਿਲ ਅੰਦਰੋਂ ਕੰਬ ਜਾਂਦਾ ਹੈ। ਸਾਨੂੰ ਲੱਗਦਾ ਹੈ ਕਿ ਸ਼ਾਇਦ ਦੋ ਦੇਸ਼ ਜਾਂ ਦੋ ਫ਼ੌਜਾਂ ਲੜ ਰਹੀਆਂ ਹਨ, ਪਰ ਅਸਲ ਵਿੱਚ ਉੱਥੇ ਇੰਸਾਨੀਅਤ ਦਮ ਤੋੜ ਰਹੀ ਹੁੰਦੀ ਹੈ। ਇਹ ਦੇਖਣਾ ਬਹੁਤ ਦੁਖਦਾਈ ਹੈ ਕਿ ਕਿਵੇਂ ਨਿੱਕੇ-ਨਿੱਕੇ ਬੱਚੇ, ਜਿਨ੍ਹਾਂ ਨੂੰ ਅਜੇ ਇਹ ਵੀ ਨਹੀਂ ਪਤਾ ਕਿ ਦੁਸ਼ਮਣੀ ਕੀ ਹੁੰਦੀ ਹੈ, ਉਹਨਾਂ ਦੇ ਸਿਰਾਂ 'ਤੇ ਬੰਬਾਂ ਦਾ ਸ਼ੋਰ ਗੂੰਜ ਰਿਹਾ ਹੈ। ਉਹ ਮਾਸੂਮ ਅੱਖਾਂ ਜੋ ਕੱਲ੍ਹ ਤੱਕ ਖਿਡੌਣੇ ਲੱਭਦੀਆਂ ਸਨ, ਅੱਜ ਮਲਬੇ ਵਿੱਚ ਆਪਣੇ ਮਾਪਿਆਂ ਨੂੰ ਲੱਭ ਰਹੀਆਂ ਹਨ। ਕਿਸੇ ਵੀ ਮਾਂ ਲਈ ਇਸ ਤੋਂ ਵੱਡਾ ਦੁੱਖ ਕੀ ਹੋਵੇਗਾ ਕਿ ਉਹ ਆਪਣੇ ਬੱਚੇ ਨੂੰ ਇੱਕ ਸੁਰੱਖਿਅਤ ਛੱਤ ਵੀ ਨਾ ਦੇ ਸਕੇ।

ਇੱਕ ਘਰ ਬਣਾਉਣ ਵਿੱਚ ਬੰਦੇ ਦੀ ਸਾਰੀ ਉਮਰ ਦੀ ਕਮਾਈ ਤੇ ਰੀਝਾਂ ਲੱਗ ਜਾਂਦੀਆਂ ਹਨ। ਉਹ ਸਿਰਫ਼ ਇੱਟਾਂ-ਪੱਥਰਾਂ ਦਾ ਢਾਂਚਾ ਨਹੀਂ ਹੁੰਦਾ, ਉਸਦੀ ਹਰ ਕੰਧ ਵਿੱਚ ਪਰਿਵਾਰ ਦੀਆਂ ਯਾਦਾਂ ਤੇ ਹਾਸੇ ਵਸੇ ਹੁੰਦੇ ਹਨ। ਜਦੋਂ ਜੰਗ ਦੀ ਇੱਕ ਚੰਗਿਆੜੀ ਉਸ ਘਰ ਨੂੰ ਰਾਖ ਕਰ ਦਿੰਦੀ ਹੈ, ਤਾਂ ਸਿਰਫ਼ ਇਮਾਰਤ ਨਹੀਂ ਡਿੱਗਦੀ, ਸਗੋਂ ਉਸ ਪਰਿਵਾਰ ਦਾ ਹਰ ਸੁਪਨਾ ਤੇ ਸਕੂਨ ਵੀ ਖ਼ਤਮ ਹੋ ਜਾਂਦਾ ਹੈ। ਬੇਗੁਨਾਹ ਲੋਕ, ਜਿਨ੍ਹਾਂ ਦਾ ਇਸ ਸਿਆਸਤ ਨਾਲ ਕੋਈ ਲੈਣਾ-ਦੇਣਾ ਨਹੀਂ, ਉਹ ਆਪਣੀ ਹੀ ਧਰਤੀ 'ਤੇ ਬੇਘਰ ਹੋ ਕੇ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੋ ਜਾਂਦੇ ਹਨ।

ਸਾਨੂੰ ਇਹ ਸਮਝਣਾ ਪਵੇਗਾ ਕਿ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਵਗਦਾ ਲਹੂ ਹੋਵੇ, ਉਸਦਾ ਰੰਗ ਲਾਲ ਹੀ ਹੁੰਦਾ ਹੈ। ਚਾਹੇ ਉਹ ਇਸ ਪਾਸੇ ਦਾ ਬੱਚਾ ਹੋਵੇ ਜਾਂ ਉਸ ਪਾਸੇ ਦਾ, ਹਰ ਇੱਕ ਦੀ ਜਾਨ ਕੀਮਤੀ ਹੈ। ਨਫ਼ਰਤ ਤੇ ਜੰਗਾਂ ਨੇ ਕਦੇ ਕਿਸੇ ਦਾ ਭਲਾ ਨਹੀਂ ਕੀਤਾ, ਇਹ ਸਿਰਫ਼ ਖ਼ਾਲੀ ਵੇਹੜੇ ਤੇ ਉਮਰਾਂ ਦੇ ਰੋਣੇ ਹੀ ਦੇ ਕੇ ਜਾਂਦੀਆਂ ਹਨ। ਅੱਜ ਸਭ ਤੋਂ ਵੱਡੀ ਲੋੜ ਇੱਕ-ਦੂਜੇ ਦੇ ਦਰਦ ਨੂੰ ਮਹਿਸੂਸ ਕਰਨ ਦੀ ਹੈ। ਸਾਡੀ ਇੱਕ ਛੋਟੀ ਜਿਹੀ ਦੁਆ ਤੇ ਇੰਸਾਨੀਅਤ ਲਈ ਜਗਦਾ ਹੇਜ ਹੀ ਇਸ ਨਫ਼ਰਤ ਭਰੀ ਦੁਨੀਆ ਵਿੱਚ ਅਮਨ ਦੀ ਸ਼ੁਰੂਆਤ ਕਰ ਸਕਦਾ ਹੈ।

ਸਨਦੀਪ ਸਿੱਧੂ - 9463661542

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

## ਜਨਮ ਦਿਨ ਦੀਆਂ ਮੁਬਾਰਕਾਂ

**ਮਾਪਿਆਂ ਦਾ ਲਾਡਲਾ**


ਹਮੇਸ਼ਾਂ ਫੁੱਲਾਂ ਵਾਂਗ ਖਿੜੇ ਰਹੋ।



ਨਾਮ- ਗੁਰਫ਼ਤਹਿ ਸਿੰਘ ਸੰਧੂ
ਪਿਤਾ-ਪ੍ਰਿੰ. ਨਿਰਭੈ ਸਿੰਘ ਸੰਧੂ
ਮਾਤਾ- ਸੁਖਰਾਜ ਕੌਰ ਸੰਧੂ
ਪਿੰਡ- ਦਰਗਾਪੁਰ

**ਵਿਆਹ ਦੀ ਵਰ੍ਹੇਗੰਢ ਅਤੇ ਜਨਮਦਿਨ ਦੀਆਂ ਫੋਟੋਆਂ ਲਗਵਾਉਣ ਲਈ ਭੇਜੋ।**
**9815561022**

# ਕਹਾਣੀ :- ਚਿੱਟੇ ਵਾਲੀ ਥਾਰ (ਰਮਨਦੀਪ ਕੌਰ ਬਟਾਲਾ)



55 ਕੁ ਸਾਲਾਂ ਦੀ ਮਾਤਾ ਨੂੰ ਇਕ 35 ਕੁ ਸਾਲਾਂ ਦਾ ਜਵਾਨ ਕਹਿੰਦਾ ਮਾਤਾ ਇਕ ਸਪਾਟਣ ਫੜੀ ਈ ਓ ਅੱਜ ਪਲੀਸ ਨੇ
ਮਾਤਾ ਕਹਿੰਦੀ ਆਏ ਹਾਏ ਪਲੀਸ ਨੇ ਪਲੀਸ ਕਿਉ ਫੜੀ ਪੁੱਤ,,,, ਜਵਾਨ ਕਹਿੰਦਾ ਮਾਤਾ ਆ ਜਿਹੜਾ ਚਿੱਟਾ ਚੁਟਾ ਨਹੀਂ ਪੀਂਦੇ ਮੁੰਡੇ ਕੁੜੀਆਂ ਉਹ ਵੇਚਦੀ ਸੀ,,,,,,,, ਮਾਤਾ ਇਕ ਦਮ ਬੋਲੀ ਸੱਚੀ ਪੁੱਤ ਵੇਂ ਉਹ ਪਲੀਸ ਵਾਲੀ ਵੇਚਦੀ ਸੀ,,,, ਹਾਂ ਹਾਂ ਮਾਤਾ ਲੱਗਦਾ ਹੁਣ ਨੱਥ ਪਓ.......

ਮਾਤਾ ਭੁੱਬਾ ਮਾਰ ਮਾਰ ਰੋਣ ਲੱਗ ਪਈ,,,, ਜਵਾਨ ਨੇ ਮਾਤਾ ਨੂੰ ਗਲ਼ ਨਾਲ ਲਾਇਆ ਤੇ ਕੋਲ ਨਿੱਕੀ ਨਿੱਕੀ ਕੰਧ ਸੀ ਉਸਤੇ ਬਿਠਾ ਕੇ ਸਿਰ ਤੇ ਹੱਥ ਰੱਖ ਕੇ ਕਹਿਣ ਲੱਗਾ ਮਾਂ ਕੀ ਗੱਲ ਆ ਦੱਸ ਖ਼ਾ ਤੂੰ ਸਪਾਟਣ ਨੂੰ ਫੜਨ ਤੇ ਰੋਈ ਕਿਉਂ

ਮਾਤਾ ਨੇ ਝੁਰੜੀਆਂ ਵਾਲੀਆਂ ਅੱਖਾਂ ਨੂੰ ਮੈਲੀ ਜਿਹੀ ਚੁੰਨੀ ਦੇ ਪੱਲੇ ਨਾਲ ਪੂੰਝਿਆ ਤੇ ਹੋਉਕਾ ਲੈ ਕੇ ਬੋਲੀ ਵੇਂ ਪੁੱਤ,,,,,,,, ਮੇਰਾ ਸਿਮਰਾ ( ਸਿਮਰਨਜੀਤ ਸਿੰਘ ) ਵੀ ਤੇ ਇਸ ਚਿੱਟੇ ਨੇ ਖਾ ਲਿਆ ਸੀ,,,,,,,
ਪੁੱਤ ਮੇਰਾ ਪੁੱਤ ਬਹੁਤ ਆਗਿਆਕਾਰ, ਹਰ ਸਾਲ ਪਹਿਲੇ ਨੰਬਰ ਤੇ ਆਉਂਦਾ ਸੀ,,, ਜਦੋਂ ਸਿਮਰੇ ਦਾ ਬਾਪੂ ਸਰਪੰਚੀ ਦੀਆਂ ਵੋਟਾਂ ਵਿਚ ਮੁਫ਼ਤ ਦੀ ਸ਼ਰਾਬ ਪੀ ਪੀ ਕੇ ਮਰ ਗਿਆ ਸੀ ਓਦੋ ਮੇਰਾ ਸਿਮਰਾ ਮਸਾਂ 8 ਕੁ ਵਰਿਆਂ ਦਾ ਸੀ,,,,,, ਬਸ ਆ ਦੋ ਢਾਈ ਕਿੱਲੇ ਸੀ ਜਿਨ੍ਹਾਂ ਦੇ ਸਿਰ ਤੇ ਸਿਮਰੇ ਤੇ ਉਸਦੀ ਭੈਣ ਸਹਿਜ ਨੂੰ ਪੜ੍ਹਾਇਆ ਸੀ,,,, ਸਹਿਜ ਨੂੰ ਗੁਰੂਦਵਾਰਾ ਸਾਹਿਬ ਵਿਚ ਹੁੰਦੇ ਫ੍ਰੀ ਵਿਆਹਾਂ ਵਾਲੀ ਲੜੀ ਚ ਵਿਆਹ ਦਿੱਤਾ ਸੀ,,,
ਪਰ ਮੇਰੇ ਸਿਮਰੇ ਨੂੰ ਮੇਰੇ ਪਿੰਡ ਦੇ ਮੁੰਡੇ ਨੇ ਕਮਪੋਟਰ ਸਿਖੌਣ ਲਈ ਸ਼ਹਿਰ ਲੈ ਜਾਣਾ ਸ਼ੁਰੂ ਕਰ ਦਿੱਤਾ
ਬਸ ਫਿਰ ਪੁੱਤ ਮੇਰਾ ਸਿਮਰਾ ਰਾਤ ਨੂੰ ਲੇਟ ਆਉਣ ਲੱਗ ਪਿਆ,, ਬਸ ਮਹੀਨਾ ਕੁ ਲੇਟ ਆਇਆ ਮੇਰਾ ਪੁੱਤ
ਫਿਰ ਤਾਂ ਹੁਣ ਕਦੇ ਲੇਟ ਵੀ ਨਹੀਂ ਆਇਆ 😪
ਮਾਂ ਸਿਮਰੇ ਦੀ ਮੌਤ ਬਾਹਰ ਈ ਹੋ ਗਈ ਸੀ

ਨਹੀਂ ਨਹੀਂ ਵੇਂ ਪੁੱਤ ਮੇਰਾ ਪੁੱਤ ਮੇਰੀ ਗੋਦੀ ਵਿਚ ਮੁੱਕਾ ਸੀ,,,,,,
ਮਾਂ ਮੈਨੂੰ ਦੱਸ ਤੇਰੀ ਕੋਈ ਗੱਲ ਹੋਈ ਸੀ ਉਸ ਨਾਲ,,,,
ਹਾਂ ਹਾਂ ਪੁੱਤ ਉਸ ਦਿਨ ਉਹ 12:00 ਕੁ ਵਜੇ ਘਰ ਆ ਗਿਆ ਸੀ,,,, ਉਸਨੂੰ ਕਿਸੇ ਦਾ ਫੋਨ ਆਇਆ ਤੇ ਉਹ ਸੁੱਤਾ ਸੀ ਫੋਨ ਮੈ ਚੁੱਕਿਆ ਅੱਗੋਂ ਅਵਾਜ਼ ਆਈ ਜੇ ਅੱਗੇ ਤੋਂ ਖੁਰਾਕ ਚਾਹੀਦੀ ਤਾਂ ਮੈਡਮ ਨਾਲ ਬਣਾ ਕੇ ਰੱਖਣੀ ਪਓ,,,,
ਮਾਂ ਫਿਰ,,,,,,, ਜਵਾਨ ਨੇ ਪੁੱਛਿਆ
ਹਾਂ ਪੁੱਤ ਮੈ ਜਲਦੀ ਨਾਲ ਸਿਮਰੇ ਨੂੰ ਠਾਲਿਆਂ ਤੇ ਇਸ ਬਾਰੇ ਪੁੱਛਣ ਦੀ ਕੋਸਸ ਕੀਤੀ
ਪਰ ਮੇਰਾ ਸਿਮਰਾ ਅਧਿਮੋਇਆ ਜਿਹਾ ਇੱਕੋ ਗੱਲ ਕਹਿੰਦਾ ਸੀ ਮਾਂ ਜੇ ਮੈਨੂੰ ਕੁਝ ਹੋ ਗਿਆ ਕਿਸੇ ਦੇ ਪਿੱਛੇ ਲੱਗ ਕੇ ਪੁਲਿਸ ਨੂੰ ਨਾ ਦੱਸੀ ਕੁਝ
ਕਿਓਂਕਿ ਮਾਂ ਚਿੱਟਾ ਖੁਦ ਪੁਲਿਸ ਵੇਚਦੀ ਓ,,,,,,, ਉਹਨਾਂ ਤੈਨੂੰ ਵੀ ਮਾਰ ਦੇਣਾ ਤੇ ਸਹਿਜ ਨੂੰ ਵੀ,,,,,,, ਮੈ ਪੁੱਤ ਨੂੰ ਘੁੱਟ ਕੇ ਗਲ਼ ਨਾਲ ਲਾਇਆ ਤੇ ਸਿਮਰਾ ਕਹਿੰਦਾ ਮਾਂ ਮੈਨੂੰ ਕੁਝ ਹੁੰਦਾ ਪਾਣੀ ਦੇ,,,, ਮੈ ਪਾਣੀ ਲਿਆ ਕੇ ਪੁੱਤ ਨੂੰ ਪਿਆਇਆ ਤੇ ਕਿਹਾ ਪੁੱਤ ਅੱਜ ਤੂੰ ਕੀ ਖਾਧਾ ਈ,,, ਕਹਿੰਦਾ ਮਾਂ ਅੱਗੇ ਮੈ ਟੀਕਾ ਲਗਾਉਂਦਾ ਸੀ ਪਰ ਅੱਜ ਇਕ ਮੀਟਿੰਗ ਵਿਚ ਦੋ ਤਿੰਨ ਮੈਡਮਾਂ ਸੀ ਅਤੇ ਕੁਝ ਵੇਚਣ ਵਾਲੇ ਸਮਗਲਰ ਸੀ ਉੱਥੇ ਉਹਨਾਂ ਦੀ ਆਪਸ ਵਿਚ ਤੂੰ ਤੂੰ ਹੋ ਗਈ ਫਿਰ ਉਹਨਾਂ ਧੱਕੇ ਨਾਲ ਸਾਨੂੰ ਤਿੰਨਾਂ ਜਾਣਿਆ ਨੂੰ ਸ਼ਰਾਬ ਪਿਆਈ,,, ਮੈ ਕਿਹਾ ਪੁੱਤ ਇਹ ਕਿਉਂ
ਸਿਮਰਾ ਕਹਿੰਦਾ ਮਾਂ ਅਸੀਂ ਉਹ ਗਵਾਹ ਸੀ ਜੋ ਉਹਨਾਂ ਤੋਂ ਚਿੱਟਾ ਲੈ ਕੇ ਅੱਗੇ ਵੇਚਦੇ ਸੀ,,,
ਮਾਂ ਮੈਨੂੰ ਉਹਨਾਂ ਕਹਿ ਦਿੱਤਾ ਕੇ ਅੱਜ ਤੋਂ ਬਾਅਦ ਤੁਹਾਡਾ ਸਾਡੇ ਨਾਲ ਕੋਈ ਸਬੰਧ ਨਹੀਂ ਪਰ ਮਾਂ ਮੈ ਦਿਹਾੜੀ ਵਿਚ ਪੰਜ ਟੀਕੇ ਲਾਉਂਦਾ ਹਾਂ ਜੇ ਮੈਨੂੰ ਇਕ ਘੰਟੇ ਤਕ ਟੀਕਾ ਨਾ ਲੱਗਾ ਤੇ ਮੈ ਮਰ ਜਾਣਾ ਈ
ਮੈ ਕਿਹਾ ਪੁੱਤਰਾਂ ਪਰ ਤੈਨੂੰ ਉਹਨਾਂ ਸ਼ਰਾਬ ਕਿਉ ਪਿਆਈ ਸੀ ਕਹਿੰਦਾ ਮਾਂ ਜ਼ੇਕਰ ਸ਼ਰਾਬ ਨਾ ਪਿਆਉਂਦੇ ਤਾਂ ਅਸੀਂ ਘਰ ਕਿਵੇਂ ਪਹੁੰਚਦੇ,,,,, ਪਰ ਪੁੱਤਰਾਂ ਮੇਰੇ ਪੁੱਤਰ ਨੂੰ ਸਮਝ ਨਹੀਂ ਸੀ ਆਇਆ ਸ਼ਰਾਬ ਪਿਆਉਣ ਦਾ ਰਾਜ਼ ਪਰ ਮੈ ਸਮਝ ਗਈ ਸੀ ਕੇ ਉਹਨਾਂ ਇਹਨਾਂ ਨੂੰ ਸ਼ਰਾਬ ਵਿਚ ਕੁਝ ਮਿਲਾ ਕੇ ਦਿੱਤਾ ਹੋਵੇਗਾ
ਪੁੱਤਰਾਂ ਬਸ ਏਨੀਆਂ ਕੁ ਗੱਲਾਂ ਕਰਦਿਆਂ ਸਿਮਰੇ ਨੂੰ ਉਲਟੀ ਆਈ ਤੇ ਉਸਦੀਆਂ ਅੱਖਾਂ ਪੁੱਠੀਆਂ ਹੋ ਗਈਆ,,,
ਮੈ ਰੌਲਾ ਪਾਇਆ ਲੋਕ ਇਕੱਠੇ ਹੋਏ ਪਰ ਮੇਰਾ ਸਿਮਰਾ ਦੁਨੀਆਂ ਛੱਡ ਗਿਆ ਸੀ ਲੋਕ ਕਹਿੰਦੇ ਇਸ ਕੋਲੋ ਏਨੀ ਦਾਰੂ ਦੀ ਬਦਬੂ ਆ ਰਹੀ ਹੈ,,,,
ਬਸ ਪੁੱਤਰਾਂ ਮੇਰਾ ਪੁੱਤਰ ਚਿੱਟੇ ਨੇ ਖਾਧਾ ਤੇ ਨਾਮ ਦਾਰੂ ਦਾ ਲੱਗ ਗਿਆ
ਮਾਰਿਆ ਪੁਲਿਸ ਵਾਲਿਆਂ ਤੇ ਨਾਮ ਚਿੱਟੇ ਦੇ ਸਮਗਲਰਾਂ ਦਾ ਲੱਗ ਗਿਆ

ਪੁੱਤ ਕਿੱਧਰੇ ਇਹ ਉਹੀ ਮੈਡਮ ਤੇ ਨਹੀਂ ਸੀ ਜਿਸਦੀ ਉਸ ਦਿਨ ਸਮਗਲਰਾ ਨਾਲ ਲੜਾਈ ਹੋਈ ਸੀ,,,,,,
ਹਾਂ ਸੱਚ ਸਿਮਰਾ ਕਹਿੰਦਾ ਸੀ ਮਾਂ ਉਹਨਾਂ ਕੋਈ ਵੱਡੀਆਂ ਵੱਡੀਆਂ ਗੱਡੀਆਂ ਸੀ,,,,,,
ਉਹ ਜਵਾਨ ਨੇ ਮਾਂ ਨੂੰ ਗਲ਼ ਨਾਲ ਲਾਇਆ ਤੇ ਉਸਦੇ ਘਰ ਵੱਲ ਨੂੰ ਲੈ ਤੁਰਿਆ......
ਰਮਨਦੀਪ ਕੌਰ ਬਟਾਲਾ

# ਪੰਜਾਬ ਦੀ ਸਿਆਸਤ ਵਿਚ ਨਵੀਂ ਹਲਚਲ ਪੈਦਾ ਹੋ ਗਈ ਹੈ



*ਡਾ. ਨਵਜੋਤ ਕੌਰ ਸਿੱਧੂ ਨੇ ਆਪਣੀ ਨਵੀਂ ਸਿਆਸੀ ਪਾਰਟੀ 'ਭਾਰਤੀ ਰਾਸ਼ਟਰਵਾਦੀ ਪਾਰਟੀ' (Indian Nationalist Party) ਦਾ ਐਲਾਨ ਕਰ ਦਿੱਤਾ ਹੈ।*

ਪੰਜਾਬ ਦੀ ਸਿਆਸਤ ਵਿਚ ਨਵੀਂ ਹਲਚਲ ਪੈਦਾ ਹੋ ਗਈ ਹੈ। ਡਾ. ਨਵਜੋਤ ਕੌਰ ਸਿੱਧੂ ਨੇ ਆਪਣੀ ਨਵੀਂ ਸਿਆਸੀ ਪਾਰਟੀ 'ਭਾਰਤੀ ਰਾਸ਼ਟਰਵਾਦੀ ਪਾਰਟੀ' (Indian Nationalist Party) ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਇਸ ਪਾਰਟੀ ਵੱਲੋਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਦੀਆਂ ਸਾਰੀਆਂ 117 ਸੀਟਾਂ 'ਤੇ ਇੱਕੱਲੇ ਚੋਣ ਲੜੀਆਂ ਜਾਣਗੀਆਂ। ਇਸ ਐਲਾਨ ਨਾਲ ਪੰਜਾਬੀ ਰਾਜਨੀਤੀ ਵਿਚ ਇੱਕ ਨਵੀਂ ਤਾਕਤ ਦਾ ਉਭਾਰ ਹੋਇਆ ਹੈ ਅਤੇ ਵਿਰੋਧੀ ਧਿਰਾਂ ਵਿਚ ਚਰਚਾ ਛਿੜ ਗਈ ਹੈ। ਡਾ. ਨਵਜੋਤ ਕੌਰ ਸਿੱਧੂ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਰਾਹੀਂ ਇਸ ਪਾਰਟੀ ਦੀ ਸ਼ੁਰੂਆਤ ਦਾ ਐਲਾਨ ਕੀਤਾ। ਉਨ੍ਹਾਂ ਨੇ ਇੱਕ ਤਸਵੀਰ ਸਾਂਝੀ ਕੀਤੀ ਜਿਸ ਵਿਚ ਪਾਰਟੀ ਦਾ ਨਾਮ 'ਭਾਰਤੀ ਰਾਸ਼ਟਰਵਾਦੀ ਪਾਰਟੀ' ਲਿਖਿਆ ਹੋਇਆ ਸੀ ਅਤੇ ਇਸ ਨਾਲ ਲਿਖਿਆ ਸੀ ਕਿ 'ਬਹੁਤ ਉਡੀਕੀ ਗਈ ਘੋਸ਼ਣਾ'। ਇਸ ਐਲਾਨ ਤੋਂ ਬਾਅਦ ਰਾਜਨੀਤਿਕ ਗਲਿਆਰਿਆਂ ਵਿਚ ਚਰਚਾ ਹੈ ਕਿ ਇਹ ਕਦਮ ਕਾਂਗਰਸ ਤੋਂ ਨਿਕਾਸੀ ਤੋਂ ਬਾਅਦ ਲਿਆ ਗਿਆ ਹੈ ਅਤੇ ਇਸ ਨਾਲ ਭਾਜਪਾ ਵਿਚ ਸ਼ਾਮਲ ਹੋਣ ਦੀਆਂ ਅਟਕਲਾਂ ਵੀ ਖਤਮ ਹੋ ਗਈਆਂ ਹਨ।

ਨਵਜੋਤ ਕੌਰ ਸਿੱਧੂ ਪੰਜਾਬ ਵਿਚ ਇੱਕ ਜਾਣੀ-ਪਛਾਣੀ ਚਿਹਰਾ ਹਨ। ਉਨ੍ਹਾਂ ਦੇ ਪਤੀ ਨਵਜੋਤ ਸਿੰਘ ਸਿੱਧੂ ਵੀ ਰਾਜਨੀਤੀ ਵਿਚ ਸਰਗਰਮ ਰਹੇ ਹਨ ਅਤੇ ਕਾਂਗਰਸ ਵਿਚ ਉੱਚ ਅਹੁਦਿਆਂ 'ਤੇ ਰਹਿ ਚੁੱਕੇ ਹਨ। ਡਾ. ਨਵਜੋਤ ਕੌਰ ਖੁਦ ਵੀ ਪਿਛਲੇ ਸਮੇਂ ਵਿਚ ਰਾਜਨੀਤਿਕ ਗਤੀਵਿਧੀਆਂ ਵਿਚ ਸ਼ਾਮਲ ਰਹੀਆਂ ਹਨ। ਉਨ੍ਹਾਂ ਨੇ ਆਪਣੀ ਨਵੀਂ ਪਾਰਟੀ ਰਾਹੀਂ ਪੰਜਾਬ ਨੂੰ ਮੁੜ 'ਸੁਨਹਿਰੀ ਰਾਜ' ਬਣਾਉਣ ਦਾ ਵਾਅਦਾ ਕੀਤਾ ਹੈ। ਉਨ੍ਹਾਂ ਅਨੁਸਾਰ ਇਹ ਪਾਰਟੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੰਮ ਕਰੇਗੀ ਅਤੇ ਪੰਜਾਬ ਦੀ ਗੁਆਚੀ ਸ਼ਾਨ ਨੂੰ ਬਹਾਲ ਕਰੇਗੀ।

ਪਾਰਟੀ ਦੇ ਗਠਨ ਤੋਂ ਬਾਅਦ ਲੋਕਾਂ ਵਿਚ ਉਤਸੁਕਤਾ ਹੈ ਕਿ ਇਸ ਦਾ ਪ੍ਰਭਾਵ ਆਉਣ ਵਾਲੀਆਂ 2027 ਵਿਧਾਨ ਸਭਾ ਚੋਣਾਂ 'ਤੇ ਕੀ ਪਵੇਗਾ। ਪੰਜਾਬ ਵਿਚ ਵਰਤਮਾਨ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਵਿਰੋਧੀ ਧਿਰ ਵਜੋਂ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਸਰਗਰਮ ਹਨ। ਭਾਜਪਾ ਵੀ ਆਪਣੀ ਤਾਕਤ ਵਧਾਉਣ ਦੀ ਕੋਸ਼ਿਸ਼ ਵਿਚ ਹੈ। ਇਸ ਵਿਚਾਲੇ ਇੱਕ ਨਵੀਂ ਰਾਸ਼ਟਰਵਾਦੀ ਪਾਰਟੀ ਦਾ ਉਭਾਰ ਚੋਣੀਆਂ ਨੂੰ ਤਿਕੋਣੀ ਜਾਂ ਚਤੁਰਭੁਜੀ ਬਣਾ ਸਕਦਾ ਹੈ।

ਡਾ. ਨਵਜੋਤ ਕੌਰ ਸਿੱਧੂ ਨੇ ਆਪਣੀ ਪਾਰਟੀ ਨੂੰ ਲੋਕ-ਕੇਂਦਰੀ ਬਣਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਅਨੁਸਾਰ ਇਹ ਪਾਰਟੀ ਭਾਰਤੀ ਰਾਸ਼ਟਰਵਾਦ ਦੇ ਸਿਧਾਂਤਾਂ 'ਤੇ ਚੱਲੇਗੀ ਅਤੇ ਪੰਜਾਬ ਵਿਚ ਹਿੰਦੂ-ਸਿੱਖ ਏਕਤਾ ਨੂੰ ਮਜ਼ਬੂਤ ਕਰੇਗੀ। ਉਨ੍ਹਾਂ ਕਿਹਾ ਕਿ ਪਾਰਟੀ ਖੇਤੀਬਾੜੀ, ਬੇਰੁਜ਼ਗਾਰੀ, ਡਰੱਗਾਂ ਤੇ ਭ੍ਰਿਸ਼ਟਾਚਾਰ ਵਰਗੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਲਵੇਗੀ ਅਤੇ ਲੋਕਾਂ ਨੂੰ ਬਿਹਤਰ ਜੀਵਨ ਮੁਹੱਈਆ ਕਰਵਾਏਗੀ।

ਇਸ ਐਲਾਨ ਤੋਂ ਬਾਅਦ ਰਾਜਨੀਤਿਕ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਨਵਜੋਤ ਕੌਰ ਸਿੱਧੂ ਦੀ ਲੋਕਪ੍ਰਿਯਤਾ ਤੇ ਉਨ੍ਹਾਂ ਦੀ ਸਰਗਰਮੀ ਇਸ ਪਾਰਟੀ ਨੂੰ ਮਜ਼ਬੂਤੀ ਦੇ ਸਕਦੀ ਹੈ। ਖਾਸ ਤੌਰ 'ਤੇ ਔਰਤਾਂ ਤੇ ਨੌਜਵਾਨ ਵੋਟਰਾਂ ਵਿਚ ਉਨ੍ਹਾਂ ਦਾ ਪ੍ਰਭਾਵ ਹੋ ਸਕਦਾ ਹੈ। ਹਾਲਾਂਕਿ ਚੋਣਾਂ ਤੱਕ ਇਸ ਪਾਰਟੀ ਨੂੰ ਸੰਗਠਨ ਵਧਾਉਣਾ, ਵਰਕਰ ਤਿਆਰ ਕਰਨਾ ਤੇ ਫੰਡ ਇਕੱਠਾ ਕਰਨਾ ਵੱਡੀ ਚੁਣੌਤੀ ਹੋਵੇਗੀ।

ਪੰਜਾਬ ਵਿਚ ਰਾਜਨੀਤੀ ਹਮੇਸ਼ਾ ਤੋਂ ਹੀ ਗਰਮ ਰਹੀ ਹੈ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਹੋਏ ਗੁਰਮਤਿ ਸਮਾਗਮ



**ਅੰਮ੍ਰਿਤਸਰ, ਚੋਹਲਾ ਸਾਹਿਬ 5 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |**

ਅੰਮ੍ਰਿਤਸਰ, 7 ਅਪ੍ਰੈਲ-
ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਗੁਰੂ ਸਾਹਿਬ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਵੱਡੀ ਗਿਣਤੀ ਸੰਗਤਾਂ ਨੇ ਨਤਮਸਤਕ ਹੋ ਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਨੌਵੇਂ ਪਾਤਸ਼ਾਹ ਜੀ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਗੁਰਮਤਿ ਸਮਾਗਮ ਕੀਤੇ ਗਏ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਨੇ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਇਆ। ਉਨ੍ਹਾਂ ਸੰਗਤਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ। ਸਮਾਗਮ ਦੌਰਾਨ ਵੱਖ-ਵੱਖ ਰਾਗੀ ਜਥਿਆਂ ਨੇ ਵੀ ਗੁਰਬਾਣੀ ਕੀਰਤਨ ਕੀਤਾ।

ਇਸੇ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਵਿਖੇ ਅਲੌਕਿਕ ਜਲੌ ਸਜਾਏ ਗਏ। ਗੁਰੂ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ 'ਤੇ ਦੀਪਮਾਲਾ ਵੀ ਕੀਤੀ ਗਈ।

ਇਸ ਮੌਕੇ ਬਾਬਾ ਸਤਨਾਮ ਸਿੰਘ ਕਾਰਸੇਵਾ ਕਿਲ੍ਹਾ ਅਨੰਦਗੜ੍ਹ ਵਾਲੇ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਵਧੀਕ ਮੈਨੇਜਰ ਸ. ਬਿਕਰਮਜੀਤ ਸਿੰਘ ਝੰਗੀ, ਭਾਈ ਪ੍ਰੇਮ ਸਿੰਘ, ਗ੍ਰੰਥੀ ਭਾਈ ਗੁਰਸੇਵਕ ਸਿੰਘ ਤੇ ਭਾਈ ਰਣਜੀਤ ਸਿੰਘ ਆਦਿ ਹਾਜ਼ਰ ਸਨ।

ਸੱਚੀ ਅਤੇ ਨਿਰਪੱਖ ਵਿਚਾਰਧਾਰਾ
CEE7NEWS
Daily Digital Edition

# ਮੀਰੀ ਪੀਰੀ ਮੈਡੀਕਲ ਇੰਸਟੀਚਿਊਟ ਦੇ ਜ਼ਬਰੀ ਕਬਜ਼ਾ ਕਰਨ ਦੀ ਹਰਕਤ ਵਿਰੁੱਧ ਸੰਗਤਾਂ ਦਾ ਹੋਇਆ ਵੱਡਾ ਇਕੱਠ



**ਚੋਹਲਾ ਸਾਹਿਬ 5 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਬੀਤੇ ਦਿਨੀ ਬਲਜੀਤ ਸਿੰਘ ਦਾਦੂਵਾਲ ਵੱਲੋਂ ਮੀਰੀ ਪੀਰੀ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਰੀਸਰਚ (ਚੈਰੀਟੇਬਲ ਟਰੱਸਟ), ਸ਼ਾਹਾਬਾਦ ਮਾਰਕੰਡਾ ਵਿਖੇ ਜ਼ਬਰੀ ਕਬਜ਼ਾ ਕਰਨ ਦੀ ਕੋਸ਼ਿਸ਼ ਤੋਂ ਬਾਅਦ ਪ੍ਰਬੰਧਕਾਂ ਵੱਲੋਂ ਸ਼ਿਕਾਇਤ ਕਰਨ ਮਗਰੋਂ ਵੀ ਦੋਸੀਆਂ ਖਿਲਾਫ ਕਾਰਵਾਈ ਕਰਨ ਦੀ ਥਾਂ ਪੁਲਿਸ ਵੱਲੋਂ ਸੰਸਥਾ ਦੇ ਟਰਸਟੀਆਂ ਅਤੇ ਸੰਗਤ ਤੇ ਹੀ ਪਰਚਾ ਦਰਜ ਕਰ ਦਿੱਤਾ ਗਿਆ। ਇਸ ਧੱਕੇਸ਼ਾਹੀ ਦਾ ਹਰਿਆਣਾ ਦੀ ਸਿੱਖ ਸੰਗਤ ਵੱਲੋਂ ਡੱਟ ਕੇ ਵਿਰੋਧ ਕੀਤਾ ਜਾ ਰਿਹਾ ਹੈ। ਇਸੇ ਸੰਬੰਧ ਵਿੱਚ ਅੱਜ ਹਰਿਆਣਾ ਰਾਜ ਦੀ ਸਮੂਹ ਸੰਗਤ ਨੇ ਮੀਰੀ ਪੀਰੀ ਇੰਸਟੀਚਿਊਟ ਵਿਖੇ ਵੱਡਾ ਇਕੱਠ ਕਰਕੇ ਇਸ ਧੱਕੇਬਾਜ਼ੀ ਦਾ ਵਿਰੋਧ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸੀਨੀਅਰ ਮੀਤ ਪ੍ਰਧਾਨ ਸ. ਰਘੁਜੀਤ ਸਿੰਘ ਵਿਰਕ ਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਨੇ ਵੀ ਸ਼ਮੂਲੀਅਤ ਕੀਤੀ।

ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਮੀਰੀ ਪੀਰੀ ਟਰੱਸਟ ਇੱਕ ਸੁਤੰਤਰ ਸੰਸਥਾ ਹੈ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਹਰਿਆਣੇ ਦੀ ਸੰਗਤ ਦੀ ਸਹੂਲਤ ਲਈ ਇਸ ਟਰੱਸਟ ਨੂੰ ਕਰੋੜਾਂ ਰੁਪਏ ਹਰ ਸਾਲ ਸਹਾਇਤਾ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਜਦੋਂ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ ਇਸ ਤੇ ਕਬਜ਼ਾ ਕਰਨਾ ਚਾਹਿਆ ਸੀ ਤਾਂ ਇਹ ਮਾਮਲਾ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਵਿੱਚ ਚਲਾ ਗਿਆ ਸੀ। ਮਾਣਯੋਗ ਹਾਈਕੋਰਟ ਨੇ ਇਸ ਤੇ ਸਟੇਅ ਕੀਤੀ ਹੋਈ ਹੈ ਜਿਸ ਦੀ ਦਾਦੂਵਾਲ ਅਤੇ ਉਸ ਦੇ ਸਾਥੀਆਂ ਵੱਲੋਂ ਉਲੰਘਣਾ ਕੀਤੀ ਗਈ ਹੈ। ਸਿੱਖ ਸੰਗਤ ਇਹੋ ਜਿਹੀ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕਰੇਗੀ।

ਉਨ੍ਹਾਂ ਕਿਹਾ ਕਿ ਮਾਣਯੋਗ ਹਾਈਕੋਰਟ ਵੱਲੋਂ ਇਸ ਹੁਕਮ ਦੀ ਉਲੰਘਣਾ ਦਾ ਕੇਸ ਵੀ ਦਰਜ ਕਰ ਦਿਤਾ ਗਿਆ ਹੈ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੀਰੀ ਪੀਰੀ ਇੰਸਟੀਚਿਊਟ ਵਿਖੇ ਜਲਦੀ ਹੀ ਮੈਡੀਕਲ ਕਾਲਜ ਖੋਲ੍ਹਿਆ ਜਾ ਰਿਹਾ ਹੈ, ਜਿਸ ਦੀਆਂ ਇਮਾਰਤਾਂ ਬਣ ਕੇ ਤਿਆਰ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਹਰਿਆਣਾ ਰਾਜ ਦੇ ਬੱਚਿਆਂ ਨੂੰ ਮੈਡੀਕਲ ਦੀ ਪੜ੍ਹਾਈ ਕਰਨ ਦੀ ਸਹੂਲਤ ਮਿਲੇਗੀ। ਅੰਤ੍ਰਿੰਗ ਕਮੇਟੀ ਮੈਂਬਰ ਸ. ਬਲਦੇਵ ਸਿੰਘ ਕਾਇਮਪੁਰ ਨੇ ਕਿਹਾ ਕਿ ਹਸਪਤਾਲ ਦੀ ਬਿਲਡਿੰਗ ਬਣ ਕੇ ਤਿਆਰ ਹੋ ਚੁੱਕੀ ਹੈ ਅਤੇ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਮੈਡੀਕਲ ਕਾਲਜ ਲਈ 100 ਐਮ. ਬੀ. ਬੀ. ਐਸ. ਵਿਦਿਆਰਥੀਆਂ ਦੀਆਂ ਸੀਟਾਂ ਲਈ ਐਨ.ਓ.ਸੀ. ਦਿੱਤੀ ਜਾਵੇ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਸ. ਹਰਭਜਨ ਸਿੰਘ ਮਸਾਣਾ ਨੇ ਕਿਹਾ ਕਿ ਮੀਰੀ ਪੀਰੀ ਹਸਪਤਾਲ ਇਲਾਕੇ ਦੀ ਸੰਗਤ ਨੂੰ ਵਧੀਆ ਸਹੂਲਤ ਦੇ ਰਿਹਾ ਹੈ। ਸੰਗਤਾਂ ਇਸ ਤੇ ਕਿਸੇ ਨੂੰ ਵੀ ਕਬਜਾ ਨਹੀਂ ਕਰਨ ਦੇਣਗੀਆਂ।

ਇਸ ਮੌਕੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਮੈਂਬਰ ਸ. ਬਲਦੇਵ ਸਿੰਘ, ਸ. ਮੋਹਨਜੀਤ ਸਿੰਘ ਪਾਣੀਪਤ, ਬੀਬੀ ਜਸਬੀਰ ਕੌਰ ਮਸਾਣਾ, ਸ. ਸੁਖਜਿੰਦਰ ਸਿੰਘ ਮਸਾਣਾ, ਸ. ਗੁਰਜੀਤ ਸਿੰਘ ਧਮੋਲੀ, ਸ. ਹਰਿੰਦਰ ਸਿੰਘ ਰਛੇੜੀ, ਸ. ਕਰਮਜੀਤ ਸਿੰਘ ਫਤਿਹਾਬਾਦ, ਸ. ਬਿੰਦਰ ਸਿੰਘ ਖਾਲਸਾ ਕਾਲਿਆਂਵਾਲੀ, ਸ. ਰਵਿੰਦਰ ਸਿੰਘ ਰਾਣਾ ਫਰੀਦਾਬਾਦ, ਸ. ਬਲਕਾਰ ਸਿੰਘ ਮਰਦੋ ਸਾਹਿਬ, ਸ. ਕੁਲਦੀਪ ਸਿੰਘ ਜੋਗੇਵਾਲ, ਸ. ਗੁਰਮੇਜ਼ ਸਿੰਘ ਸਿਰਸਾ, ਸ. ਕਰਮਜੀਤ ਸਿੰਘ ਰਤੀਆ, ਸ. ਹਰਮਨ ਸਿੰਘ ਬੁੱਟਰ, ਸ. ਗੁਰਮੇਜ਼ ਸਿੰਘ ਰਤੀਆ ਨੇ ਸਾਂਝੇ ਤੌਰ ਤੇ ਕਿਹਾ ਕਿ ਸਾਨੂੰ ਸੰਗਤ ਨੇ ਚੁਣ ਕੇ ਭੇਜਿਆ ਹੈ ਪਰ ਅਸੀਂ ਹਮੇਸ਼ਾਂ ਸੱਚ ਦੇ ਨਾਲ ਖੜਾਂਗੇ। ਹਰਿਅਣਾ ਦੀ ਸਿੱਖ ਸੰਗਤ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਹਰਿਆਣਾ ਲਈ ਕਾਰਜ ਕੀਤੇ ਜਾ ਰਹੇ ਹਨ ਉਸ ਦੀ ਸ਼ਲਾਘਾ ਕਰਦੀ ਹੈ ਅਤੇ ਕਿਸੇ ਵੀ ਸਖਸ਼ ਨੂੰ ਇਸ ਨੂੰ ਰੋਕਣ ਦਾ ਕੋਈ ਹੱਕ ਨਹੀਂ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਹਰਿਆਣਾ ਕਮੇਟੀ ਮੈਂਬਰ ਦਾਦੂਵਾਲ ਦੀ ਇਸ ਹਰਕਤ ਦੀ ਪੁਰਜੋਰ ਸ਼ਬਦਾਂ ਵਿੱਚ ਸਖ਼ਤ ਨਖੇਧੀ ਕਰਦੇ ਹਾਂ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਪੁਲਿਸ ਪ੍ਰਸ਼ਾਸਨ ਨੂੰ ਮੰਗ ਪੱਤਰ ਵੀ ਸੌਂਪਿਆ ਗਿਆ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸ. ਤਜਿੰਦਰਪਾਲ ਸਿੰਘ ਲਾਡਵਾ, ਬੀਬੀ ਅਮਰਜੀਤ ਕੌਰ ਬਾੜਾ, ਬੀਬੀ ਮਨਜੀਤ ਕੌਰ ਗੰਧੋਲਾ, ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ ਤੋਂ ਇਲਾਵਾ ਹਰਿਆਣਾ ਰਾਜ ਦੇ ਵੱਖ-ਵੱਖ ਜਿਲਿਆਂ ਤੋਂ ਵੱਡੀ ਗਿਣਤੀ ਸੰਗਤ ਨੇ ਸ਼ਮੂਲੀਅਤ ਕੀਤੀ। ਸਟੇਜ਼ ਸਕੱਤਰ ਦੀ ਸੇਵਾ ਸ. ਹਰਕੇਸ਼ ਸਿੰਘ ਮੋਹੜੀ, ਜਿਲਾ ਪ੍ਰਧਾਨ, ਅੰਬਾਲਾ ਅਤੇ ਸ. ਜਤਿੰਦਰਪਾਲ ਸਿੰਘ ਲੱਕੀ ਵੱਲੋਂ ਨਿਭਾਈ ਗਈ।






# ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਵੱਖ ਵੱਖ ਪਿੰਡਾਂ ਵਿੱਚ ਨਵੀਆਂ ਕਮੇਟੀਆਂ ਬਣਾਉਣ ਦਾ ਸਿਲਸਿਲਾ ਜਾਰੀ।



**ਚੋਹਲਾ ਸਾਹਿਬ 5 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਦੇ ਯੋਨ ਬਾਬਾ ਅਦਲੀ ਜੀ ਦੇ ਪਿੰਡਾਂ ਵਿੱਚ ਨਵੀਆਂ ਕਮੇਟੀਆਂ ਬਣਾਈਆਂ ਜਾ ਰਹੀ ਹਨ ਅੱਜ ਜਿਲ੍ਹਾ ਆਗੂ ਬਲਵਿੰਦਰ ਸਿੰਘ ਚੋਹਲਾ ਸਾਹਿਬ ਯੋਨ ਪ੍ਰਧਾਨ ਮਨਜੀਤ ਸਿੰਘ,ਨਿੰਦਰ ਸਿੰਘ,ਨਿਰਵੈਰ [illegible] ਸੰਘ ਧੁੰਨ ਦੀ ਪ੍ਰਧਾਨਗੀ ਹੇਠ ਪਿੰਡ ਧੁੰਨ ਢਾਏ ਵਾਲਾ ਵਿੱਚ ਕਮੇਈਆਂ ਦਾ ਪ੍ਰਧਾਨ ਜਗਰੂਪ ਸਿੰਘ ਧੁੰਨ ਮਜਦੂਰ ਸੰਤੋਖ ਸਿੰਘ,ਬੀਬੀਆਂ ਦੀ ਪ੍ਰਧਾਨ ਦਰਸ਼ਨ ਕੌਰ ਨੂੰ ਪ੍ਰਧਾਨ ਬਣਾਕੇ 21 ਮੈਂਬਰੀ ਕਮੇਟੀ ਬਣਾਈ ਗਈ । ਖਜਾਨਚੀ ਗੁਰਦੇਵ ਸਿੰਘ ਧੁੰਨ ਨੂੰ ਬਣਾਇਆ ਗਿਆ।ਨਿਰਵੈਰ [illegible]ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਲਾਂ ਨੂੰ ਅਜੇ ਤੱਕ ਮੰਡ ਵਿੱਚ ਫਸਲ ਖਰਾਬਾ ਉਸ ਦਾ ਖਰਚਾ ਅਜੇ ਤੱਕ ਕਿਸਾਨਾਂ ਨੂੰ ਨਹੀਂ ਮਿਲਿਆ।ਜੇਕਰ ਮੀਤ ਮੰਡ ਦਾ ਖਰਾਬਾ ਜਲਦੀ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਸਖਤ ਸੰਘਰਸ਼ ਵਿੱਢਿਆ ਜਾਵੇਗਾ ਕਿਸਾਨਾਂ ਦੀਆਂ ਜਮੀਨਾਂ ਵਿੱਚ ਰੇਤ ਪਈ ਹੈ ਜ਼ੋ ਕਿ ਕਣਕ ਦੀ ਬੀਜਾਈ ਗਈ ਪਰ ਬਿਜਲੀ ਅਧਿਕਾਰੀਆਂ ਵੱਲੋਂ ਆਮ ਜਨਤਾ ਨੂੰ ਬਿਜਲੀ ਬੋਰਡ ਵੱਲੋਂ ਨਜਾਇਜ ਜੁਰਮਾਨੇ ਪਾਏ ਜਾ ਰਹੇ ਉਹ ਨਾ ਕੀਤੇ ਜਾਣ ।ਇਸ ਸਮੇਂ ਕੁਲਦੀਪ ਸਿੰਘ,ਸਾਹਿਬ ਸਿੰਘ ਹਰਭਾਲ ਸਿੰਘ,ਸਵਿੰਦਰ ਸਿੰਘ,ਰਣਜੀਤ ਸਿੰਘ,ਗੁਰਦੇਵ ਸਿੰਘ ਆਦਿ ਹਾਜਰ ਸਨ।

# ਏ ਐਨ ਐਮ ਐਲ ਐਚ ਵੀ ਯੂਨੀਅਨ ਵੱਲੋਂ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੂੰ ਦਿੱਤਾ ਮੰਗ ਪੱਤਰ



**ਤਰਨ ਤਾਰਨ/ਚੋਹਲਾ ਸਾਹਿਬ 8 ਅਪ੍ਰੈਲ (ਅਜੀਤ ਘਰਿਆਲਾ,ਦੀਪਾ,ਸਿੱਧੂ,ਚੋਹਲਾ) ।**

ਏਐਨਐਮ -ਐਲਐਚ ਵੀ ਯੂਨੀਅਨ ਜਿਲਾ ਤਰਨ ਤਾਰਨ ਦੇ ਜ਼ਿਲ੍ਹਾ ਪ੍ਰਧਾਨ ਦਵਿੰਦਰ ਕੌਰ ਦੀ ਪ੍ਰਧਾਨਗੀ ਹੇਠ ਕੈਟਾਗਰੀ ਦੀਆਂ ਮੰਗਾਂ ਤੇ ਮੁਸ਼ਕਲਾਂ ਸਬੰਧੀ ਮੰਗ ਪੱਤਰ ਜਿਲੇ ਦੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੂੰ ਦਿੱਤਾ । ਮੰਗਪਤਰ ਦੇਣ ਸਮੇਂ ਜਿਲਾ ਪ੍ਰਧਾਨ ਦਵਿੰਦਰ ਕੌਰ, ਜਿਲਾ ਜਰਨਲ ਸਕੱਤਰ ਅਮਰਪਾਲ ਕੌਰ ਮੀਆਂਵਿੰਡ, ਸੰਦੀਪ ਕੌਰ ਕਦਗਿੱਲ, ਸੁਖਬੀਰ ਕੌਰ ਝਬਾਲ , ਪ੍ਰਭਦੀਪ ਕੌਰ,ਹਰਿੰਦਰ ਕੌਰ ਕਸੇਲ ,ਰਮਨਦੀਪ ਕੌਰ , ਵਰਿੰਦਰ ਕੌਰ ,ਜਸਪ੍ਰੀਤ ਕੌਰ ,ਜਸਪਾਲ ਕੌਰ ,ਅਮਨਪ੍ਰੀਤ ਕੌਰ , ਜਗਰੂਪ ਕੌਰ, ਅੰਮ੍ਰਿਤਪ੍ਰੀਤ ਕੌਰ ,ਮਨਜਿੰਦਰ ਕੌਰ, ਅਮਨਦੀਪ ਕੌਰ ,ਜਗਦੀਪ ਕੌਰ ਆਦਿ ਨੇ ਦੱਸਿਆ ਕਿ ਪੰਜਾਬ ਭਰ ਦੇ ਵਿੱਚ ਰੈਗੂਲਰ ਏ ਐਨ ਐਮ,ਐਲਐਚਵੀ ਨੂੰ ਮੋਬਾਇਲ ਭੱਤਾ ਮਿਲ ਰਿਹਾ ਹੈ ਜਦਕਿ ਪਿਛਲੇ ਕੁਝ ਸਾਲਾਂ ਤੋਂ ਜਿਲਾ ਤਰਨ ਤਾਰਨ ਦੀਆਂ ਏ ਐਨ ਐਮ ਐਲ ਐਚ ਵੀ ਨੂੰ ਮੋਬਾਈਲ ਭੱਤਾ ਨਹੀਂ ਦਿੱਤਾ ਜਾ ਰਿਹਾ ਜੋ ਸਰਾਸਰ ਧੱਕਾ ਤੇ ਬੇਇਨਸਾਫੀ ਹੈ ਜਿਸ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਵਿਭਾਗ ਵੱਲੋਂ ਵੈਕਸੀਨ ਲਿਆਉਣ ਤੇ ਛੱਡਣ ਦੇ ਪੁਖਤਾ ਪ੍ਰਬੰਧ ਕੀਤੇ ਜਾਣ, ਵੈਕਸੀਨ ਸਮੇਂ ਸਿਰ ਨਾ ਪਹੁੰਚਣ ਤੇ ਵੈਕਸੀਨੇਸ਼ਨ ਸੈਸ਼ਨ ਪ੍ਰਭਾਵਿਤ ਹੋਣ ਦੀ ਜਿੰਮੇਵਾਰੀ ਉੱਚ ਅਧਿਕਾਰੀਆਂ ਦੀ ਹੋਵੇਗੀ। ਉਨਾਂ ਜਨਮ ਅਤੇ ਮੌਤ ਰਜਿਸਟਰੇਸ਼ਨ ਸਬੰਧੀ ਲਿਖ਼ਤੀ ਗਾਈਡਲਾਈਨਜ ਦੀ ਮੰਗ ਕੀਤੀ ਤਾ ਜੋਂ ਬੇਵਜ੍ਹਾ ਮੁਸ਼ਕਲਾਂ ਨਾ ਆਉਣ। ਉਨਾਂ ਡਾਇਆਗਨੋਜ ਕਿੱਟਾਂ ਸਬੰਧੀ ਦੱਸਿਆ ਕਿ ਉਹ ਕੋਈ ਲੈਬ ਟੈਕਨੀਸ਼ਨ ਨਹੀਂ ਹਨ ਨਾ ਹੀ ਲੈਬ ਦਾ ਕੋਈ ਡਿਪਲੋਮਾ ਕੀਤਾ ਹੋਇਆ ਹੈ ਇਸ ਕਰਕੇ ਡਾਇਆਗਨੋਸ ਕਿੱਟਾਂ ਵਰਤਣ ਦੀ ਉਹਨਾਂ ਦੀ ਕੋਈ ਵੀ ਜਿੰਮੇਵਾਰੀ ਨਹੀਂ ਬਣਦੀ। ਏ ਐਨ ਐਮ ਦੀਆਂ ਪੋਸਟਾਂ ਘੱਟ ਹੋਣ ਕਰਕੇ ਬਹੁਤ ਸਾਰੀਆਂ ਏ ਐਨ ਐਮ ਨੂੰ ਇੱਕ ਤੋਂ ਵੱਧ ਸੈਂਟਰਾਂ ਤੇ ਕੰਮ ਕਰਨਾ ਪੈਂਦਾ ਹੈ ਹੈ ਪਰ ਵਿਭਾਗ ਵੱਲੋਂ ਦਿੱਤਾ ਜਾਂਦਾ ਇਨਸੈਂਟ ਭੱਤਾ ਇੱਕ ਸੈਂਟਰ ਦਾ ਵੀ ਪੂਰਾ ਨਹੀਂ ਦਿੱਤਾ ਜਾਂਦਾ। ਪ੍ਰਧਾਨ ਦਵਿੰਦਰ ਕੌਰ ਨੇ ਕਿਹਾ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਤੇ ਮੁਸ਼ਕਲਾਂ ਦਾ ਕੁਝ ਦਿਨਾਂ ਵਿਚ ਹੱਲ ਨਾ ਕੀਤਾ ਤਾਂ ਜ਼ੋਰਦਾਰ ਸੰਘਰਸ਼ ਕੀਤਾ ਜਾਏਗਾ।ਮਾਨਯੋਗ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਭਰੋਸਾ ਦਿੱਤਾ ਕਿ ਉਹਨਾਂ ਦੀਆਂ ਮੰਗਾਂ ਤੇ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਊਗਾ ਅਤੇ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ।

